World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ‘ਖੇਤੀ ਬਚਾਓ-ਲੋਕਤੰਤਰ ਬਚਾਓ’ ਦਿਵਸ ਮਨਾਉਣ ਲਈ ਲਾਮਬੰਦੀ ਦਾ ਸੱਦਾ



ਚੰਡੀਗੜ੍ਹ। ਪੰਜਾਬ ਵਿੱਚ ਚੱਲ ਰਹੇ ਸੰਘਰਸ਼ੀ ਅਖਾੜਿਆਂ ਤੋਂ ‘ਖੇਤੀ ਬਚਾਓ-ਲੋਕਤੰਤਰ ਬਚਾਓ’ ਦਿਵਸ ਮਨਾਉਣ ਲਈ ਵਿਆਪਕ ਲਾਮਬੰਦੀ ਕਰਨ ਲਈ ਤਿਆਰੀਆਂ ਦਾ ਸੱਦਾ ਦਿੱਤਾ ਗਿਆ ਹੈ। ਸੰਯੁਕਤ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਮੋਰਚੇ ਦੇ ਸੱਦੇ ਤਹਿਤ 26 ਜੂਨ ਨੂੰ ‘ਖੇਤੀ ਬਚਾਓ-ਲੋਕਤੰਤਰ ਬਚਾਓ’ ਦਿਵਸ ਮਨਾਉਣ ਲਈ ਤਿਆਰੀਆਂ ਵਿੱਢ ਦਿੱਤੀਆਂ ਹਨ। ਪਿੰਡਾਂ ਤੇ ਸ਼ਹਿਰਾਂ ’ਚ ਨੁੱਕੜ ਮੀਟਿੰਗਾਂ ਕਰਦਿਆਂ ਤਹਿਸੀਲ, ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨਾਂ ਦੇ ਨਾਲ-ਨਾਲ ਰਾਜਭਵਨ, ਚੰਡੀਗੜ੍ਹ ਸਾਹਮਣੇ ਕੀਤੇ ਜਾਣ ਵਾਲੇ ਪ੍ਰਦਰਸ਼ਨਾਂ ਨੂੰ ਕਾਮਯਾਬ ਬਣਾਉਣ ਲਈ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ 26 ਜੂਨ 1975 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਗੂ ਕਰ ਕੇ ਭਾਰਤੀ ਨਾਗਰਿਕਾਂ ਦੇ ਸਾਰੇ ਬੁਨਿਆਦੀ ਅਧਿਕਾਰ ਮਨਸੂਖ ਕਰ ਰਾਤੋ ਰਾਤ ਹਜ਼ਾਰਾਂ ਸਿਆਸੀ ਤੇ ਜਮਹੂਰੀ ਕਾਰਕੁਨ ਜੇਲ੍ਹਾਂ ਵਿੱਚ ਬੰਦ ਕਰ ਦਿੱਤੇ। ਉਨ੍ਹਾਂ ਕਿਹਾ ਕਿ ਇਹ ਖੇਤੀ ਕਾਨੂੰਨ ਨੂੰ ਵੀ ਐਮਰਜੈਂਸੀ ਤੋਂ ਘੱਟ ਖਤਰਨਾਕ ਨਹੀਂ, ਜਿਨ੍ਹਾਂ ਕਾਰਨ ਕਿਸਾਨਾਂ ਦੀ ਹੋਂਦ ਖਤਰੇ ਵਿੱਚ ਪੈ ਗਈ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ 26 ਜੂਨ ਨੂੰ ਦਿੱਲੀ ਕਿਸਾਨ ਮੋਰਚੇ ਦੇ ਸੱਤ ਮਹੀਨੇ ਵੀ ਪੂਰੇ ਹੋ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਨੇ ਇਸ ਦਿਨ ਨੂੰ ‘ਖੇਤੀ ਬਚਾਓ-ਲੋਕਤੰਤਰ ਬਚਾਓ’ ਦਿਵਸ ਵਜੋਂ ਮਨਾਉਣ ਦਾ ਸੱਦਾ ਦਿੱਤਾ ਹੋਇਆ ਹੈ।

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਜਾਰੀ ਧਰਨੇ 259ਵੇਂ ਦਿਨ ਪੰਜਾਬ ਭਰ ’ਚ 108 ਥਾਵਾਂ- ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ ’ਚ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਦੇ ਦ੍ਰਿੜ ਇਰਾਦਿਆਂ ਅੱਗੇ ਕੇਂਦਰ ਦਾ ਗ਼ਰੂਰ ਜ਼ਰੂਰ ਟੁੱਟੇਗਾ ਤੇ ਸਰਕਾਰ ਨੂੰ 3 ਖੇਤੀ ਕਾਨੂੰਨ, ਬਿਜਲੀ ਸੋਧ ਬਿੱਲ-2020 ਤੇ ਪਰਾਲੀ ਆਰਡੀਨੈਂਸ ਵਾਪਸ ਲੈਣੇ ਪੈਣਗੇ।

# ਬੁੱਧੀਜੀਵੀਆਂ ਦੀ ਰਿਹਾਈ ਲਈ ਰੋਸ ਮਾਰਚ

ਅੰਮ੍ਰਿਤਸਰ। ਭੀਮਾ ਕੋਰੇਗਾਓਂ ਕੇਸ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਬੰਦ ਕੀਤੇ ਬੁੱਧੀਜੀਵੀਆਂ, ਵਕੀਲਾਂ, ਸਮਾਜਿਕ ਕਾਰਕੁਨਾਂ, ਲੇਖਕਾਂ, ਪੱਤਰਕਾਰਾਂ ਅਤੇ ਰੰਗਕਰਮੀਆਂ ਦੀ ਬਿਨਾਂ ਸ਼ਰਤ ਰਿਹਾਈ ਲਈ ਅੱਜ ਜਮਹੂਰੀ ਅਧਿਕਾਰ ਸਭਾ ਨੇ ਆਪਣੀਆਂ ਹਮਖਿਆਲੀ ਜਥੇਬੰਦੀਆਂ ਦੇ ਸਹਿਯੋਗ ਨਾਲ ਸਥਾਨਕ ਕੰਪਨੀ ਬਾਗ਼ ਵਿੱਚ ਜਨਤਕ ਕਨਵੈਨਸ਼ਨ ਕੀਤੀ ਅਤੇ ਲਾਰੈਂਸ ਰੋਡ ਤੱਕ ਰੋਸ ਮਾਰਚ ਕੀਤਾ।

ਇਸ ਮੌਕੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਕਮੇਟੀ ਮੈਂਬਰ ਡਾ. ਪਰਮਿੰਦਰ ਸਿੰਘ ਨੇ ਦੋਸ਼ ਲਾਇਆ ਕਿ ਮੌਜੂਦਾ ਮੋਦੀ ਹਕੂਮਤ ਨੇ ਹਰ ਤਰ੍ਹਾਂ ਦੀ ਵਿਚਾਰਧਾਰਕ ਅਤੇ ਜਥੇਬੰਦਕ ਆਵਾਜ਼ ਨੂੰ ਕੁਚਲਣ ਦਾ ਰਾਹ ਅਖ਼ਤਿਆਰ ਕੀਤਾ ਹੋਇਆ ਹੈ। ਸਰਕਾਰ ਨੇ ਆਪਣੀਆਂ ਲੋਕ ਵਿਰੋਧੀ ਅਤੇ ਕਾਰ-ਪੋਰੇਟ ਪੱਖੀ ਆਰਥਿਕ ਨੀਤੀਆਂ ਨੂੰ ਬੇਰੋਕ ਲਾਗੂ ਕਰਨ ਵਾਸਤੇ ਅਜਿਹਾ ਕੀਤਾ ਹੈ। ਬੀਕੇਯੂ ਉਗਰਾਹਾਂ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਭੀਮਾ ਕੋਰੇਗਾਓਂ ਹਿੰਸਾ ਕੇਸ ਵਿੱਚ ਜੇਲ੍ਹਾਂ ’ਚ




ਡੱਕੇ ਬੁੱਧੀਜੀਵੀਆਂ ਖ਼ਿਲਾਫ਼ ਹੁਣ ਤੱਕ ਕਿਸੇ ਵੀ ਜਾਂਚ ਏਜੰਸੀ ਨੇ ਅਦਾਲਤ ਵਿੱਚ ਇੱਕ ਵੀ ਦੋਸ਼ ਸਾਬਤ ਨਹੀਂ ਕੀਤਾ ਅਤੇ ਇਨ੍ਹਾਂ ਵਿੱਚੋਂ ਕੁਝ ਗੰਭੀਰ ਬਿਮਾਰੀਆਂ ਨਾਲ ਪੀੜਤ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਇਸ ਮੌਕੇ ਜਮਹੂਰੀ ਕਿਸਾਨ ਸਭਾ ਦੇ ਆਗੂ ਕਾਮਰੇਡ ਰਤਨ ਸਿੰਘ ਰੰਧਾਵਾ ਨੇ ਬੁੱਧੀਜੀਵੀਆਂ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਕਰਦਿਆਂ ਕਿਹਾ ਕਿ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਸਰਕਾਰ ਖ਼ਿਲਾਫ਼ ਦੇਸ਼ ਪੱਧਰ ’ਤੇ ਵਿਆਪਕ ਰੋਸ ਫੈਲ ਰਿਹਾ ਹੈ। ਇਸ ਮੌਕੇ ਗੁਰਬਚਨ ਸਿੰਘ, ਬਲਵਿੰਦਰ ਦੁਧਾਲਾ, ਅਮਰਜੀਤ ਭੱਲਾ, ਅਸ਼ਵਨੀ ਅਵਸਥੀ, ਪ੍ਰਮੋਦ ਕੁਮਾਰ, ਸੁਮੀਤ ਸਿੰਘ, ਰਮੇਸ਼ ਯਾਦਵ ਅਤੇ ਯਸ਼ਪਾਲ ਝਬਾਲ ਨੇ ਸੰਬੋਧਨ ਕੀਤਾ। ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ, ਜਮਹੂਰੀ ਕਿਸਾਨ ਸਭਾ, ਡੀਟੀਐੱਫ, ਆਲ ਇੰਡੀਆ ਕਿਸਾਨ ਸਭਾ, ਇਪਟਾ, ਫੋਕਲੋਰ ਰਿਸਰਚ ਅਕਾਦਮੀ ਦੇ ਕਾਰਕੁਨਾਂ ਨੇ ਮੋਦੀ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ।

# ਸ਼ਹੀਦ ਗੁਰਨਿੰਦਰ ਸਿੰਘ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

**ਨੂਰਪੁਰ ਬੇਦੀ** । ਅਰੁਣਾਚਲ ਪ੍ਰਦੇਸ਼ ਵਿੱਚ ਸ਼ਹੀਦ ਹੋਏ ਬਲਾਕ ਨੂਰਪੁਰ ਬੇਦੀ ਦੇ ਪਿੰਡ ਗਨੂੰਰਾਂ ਦੇ ਵਸਨੀਕ ਗੁਰਨਿੰਦਰ ਸਿੰਘ (35) ਪੁੱਤਰ ਹਰਬੰਸ ਸਿੰਘ ਦੀ ਦੇਹ ਅੱਜ ਕਾਫ਼ੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨ ਮਗਰੋਂ ਉਸ ਦੇ ਜੱਦੀ ਪਿੰਡ ਲਿਆਂਦੀ ਗਈ, ਜਿੱਥੇ ਉਸ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਸ਼ਹੀਦ ਗੁਰਨਿੰਦਰ ਸਿੰਘ ਨੂੰ ਫੌਜ ਦੀ ਟੁਕੜੀ ਵੱਲੋਂ ਸਲਾਮੀ ਦਿੱਤੀ ਗਈ। ਗੁਰਨਿੰਦਰ ਸਿੰਘ ਅਰੁਣਾਚਲ ਪ੍ਰਦੇਸ਼ ਵਿੱਚ 20 ਸਿੱਖ ਰਜਮੈਂਟ ਵਿੱਚ ਤਾਇਨਾਤ ਸੀ, ਜੋ 12 ਜੂਨ ਨੂੰ ਆਪਣੀ ਫੌਜ ਦੀ ਟੁਕੜੀ ਨਾਲ ਗਸ਼ਤ ਕਰਦੇ ਦੌਰਾਨ ਆਕਸੀਜਨ ਦੀ ਘਾਟ ਕਾਰਨ ਸ਼ਹੀਦ ਹੋ ਗਿਆ ਸੀ। ਸ਼ਹੀਦ ਗੁਰਨਿੰਦਰ ਸਿੰਘ ਦੇ ਪਰਿਵਾਰ ਵਿੱਚ ਬਜ਼ੁਰਗ ਮਾਤਾ-ਪਿਤਾ, ਪਤਨੀ ਅਤੇ ਇੱਕ ਨੌਂ ਸਾਲ ਦਾ ਪੁੱਤਰ ਹੈ। ਇਸ ਮੌਕੇ ਹਲਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਅਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਸਮੇਤ ਕਈ ਸਿਆਸੀ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸ਼ਹੀਦ ਗੁਰਨਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ।



OUR PARTNERS IN PROMOTION
WORLD PUNJABI NEWS NETWORK
WHITECLOUD INTERNATIONAL — WEB PRESENCE PROVIDER
SmartBrainz EXPLORE. CHOOSE. BUY. — TECHNOLOGY PROVIDER
WORLD PUNJABI NEWS NETWORK — NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਕੋਵਿਡ ਦੇ ਸਮਿਆਂ ਵਿਚ ਜ਼ਿੰਦਗੀ ਦਾ ਮੁੱਲ

ਭਾਰਤ ਵਿਚ ਹਰ ਸਾਲ ਇਕ ਕਰੋੜ ਲੋਕਾਂ ਦੀ ਮੌਤ ਹੁੰਦੀ ਹੈ। ਪਿਛਲੇ ਕਰੀਬ 14 ਮਹੀਨਿਆਂ ਦੌਰਾਨ ਕੋਵਿਡ ਨਾਲ ਹੋਣ ਵਾਲੀਆਂ ਮੌਤਾਂ ਦੀ ਕੁੱਲ ਸੰਖਿਆ ਸਰਕਾਰੀ ਤੌਰ ਤੇ 3 ਲੱਖ 60 ਹਜ਼ਾਰ ਦੱਸੀ ਗਈ ਹੈ। ਬਹੁਤੇ ਸਮੀਖਿਅਕਾਂ ਦਾ ਖਿਆਲ ਹੈ ਕਿ ਇਹ ਬਹੁਤ ਘੱਟ ਹੈ ਜਦਕਿ ਮੌਤਾਂ ਦੀ ਅਸਲ ਸੰਖਿਆ ਦੋ ਤੋਂ ਪੰਜ ਗੁਣਾ ਤੱਕ ਹੋ ਸਕਦੀ ਹੈ। ਜੇ ਇਹ ਅੰਕੜਾ ਤਿੰਨ ਗੁਣਾ ਵੀ ਮੰਨ ਲਿਆ ਜਾਵੇ ਤਾਂ 10 ਲੱਖ ਤੋਂ ਜ਼ਿਆਦਾ ਮੌਤਾਂ ਹੋ ਚੁੱਕੀਆਂ ਹਨ ਜੋ ਹਰ ਸਾਲ ਹੁੰਦੀਆਂ ਕੁੱਲ ਮੌਤਾਂ ਦੇ ਦਸ ਫ਼ੀਸਦ ਹਿੱਸੇ ਨੂੰ ਜਾ ਢੁਕਦੀਆਂ ਹਨ ਹੈ; ਇੰਜ ਆਮ ਹੋਣ ਵਾਲੀਆਂ ਮੌਤਾਂ ਦੀ ਦਰ ਵਿਚ ਵੀ ਕਰੀਬ ਦਸ ਫ਼ੀਸਦ ਵਾਧਾ ਦਰਜ ਹੁੰਦਾ ਹੈ। ਇਕ ਅਨੁਮਾਨ ਮੁਤਾਬਕ ਵਧੇਰੇ ਮਾਰ ਵਾਲੇ ਮਹੀਨਿਆਂ ਦੌਰਾਨ ਕੋਵਿਡ ਮੁਲਕ ਅੰਦਰ ਮੌਤਾਂ ਦਾ ਦੂਜਾ ਸਭ ਤੋਂ ਵੱਡਾ ਕਾਰਨ ਬਣ ਗਿਆ ਸੀ।

ਮੌਤਾਂ ਦੀ ਦਰ ਵਿਚ ਅਜਿਹਾ ਅਹਿਮ ਵਰਤਾਰਾ ਆਮ ਤੌਰ ਤੇ ਹੁੰਦੀਆਂ ਮੌਤਾਂ ਦੇ ਵਰਗ ਨਾਲੋਂ ਵੱਖਰਾ ਰੱਖਣ ਦੀ ਲੋੜ ਹੁੰਦੀ ਹੈ ਜਿਵੇਂ ਹਵਾਈ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਨੂੰ ਭੋਪਾਲ ਗੈਸ ਕਾਂਡ ਜਿਹੇ ਸਨਅਤੀ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਤੋਂ ਨਿਖੇੜ ਕੇ ਦੇਖਿਆ ਜਾਂਦਾ ਹੈ। 9/11 ਸਾਕੇ ਜਾਂ ਰੇਲ ਹਾਦਸਿਆਂ ਦੇ ਚਲੰਤ ਇਤਿਹਾਸ ਦੇ ਉਲਟ, ਕੋਈ ਵੀ ਮੁਲਕ ਕੋਵਿਡ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਜਾਂ ਵਾਰਸਾਂ ਨੂੰ ਮੁਆਵਜ਼ਾ ਨਹੀਂ ਦੇ ਰਿਹਾ। ਇਸ ਪਿੱਛੇ ਇਹ ਧਾਰਨਾ ਕੰਮ ਕਰਦੀ ਹੈ ਕਿ ਸਨਅਤੀ ਹਾਦਸਿਆਂ ਦੇ ਉਲਟ ਮਹਾਮਾਰੀ ਤੇ ਕਿਸੇ ਦਾ ਕੋਈ ਵੱਸ ਨਹੀਂ ਹੈ ਪਰ ਇਹ ਦਲੀਲ ਸਾਨੂੰ ਪੋਂਹਦੀ ਨਹੀਂ ਹੈ। ਵੱਖ ਵੱਖ ਮੁਲਕਾਂ ਅੰਦਰ ਮੌਤਾਂ ਦੀ ਗਿਣਤੀ ਦਰਮਿਆਨ ਅੰਤਰ ਮਹਾਮਾਰੀ ਨਾਲ ਸਿੱਝਣ ਦੀ ਸਰਕਾਰਾਂ ਦੀ ਕਾਬਲੀਅਤ ਦੇ ਪੱਧਰ ਦੀ ਦੱਸ ਪਾਉਂਦਾ ਹੈ। ਬਹੁਤ ਸਾਰੀਆਂ ਮੌਤਾਂ ਟਾਲੀਆਂ ਜਾ ਸਕਦੀਆਂ ਸਨ। ਇਸ ਕਰ ਕੇ ਜਿਵੇਂ ਸਰਕਾਰਾਂ ਨੇ ਉਨ੍ਹਾਂ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਚੁਣਿਆ ਹੈ ਜਿਨ੍ਹਾਂ ਨੂੰ ਆਪਣੇ ਰੁਜ਼ਗਾਰ ਜਾਂ ਕੰਮ ਧੰਦਿਆ ਤੋਂ ਹੱਥ ਧੋਣੇ ਪੈ ਗਏ ਜਾਂ ਫਿਰ ਜਿਹੜੇ ਗੁਰਬਤ ਵਾਲੀ ਪਾਲ਼ ਵਿਚ ਚਲੇ ਗਏ ਹਨ, ਉਸੇ ਤਰ੍ਹਾਂ ਉਨ੍ਹਾਂ ਨੂੰ ਕੋਵਿਡ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਜ਼ਿੰਮੇਵਾਰੀ ਵੀ ਓਟਣੀ ਚਾਹੀਦੀ ਹੈ।

ਇਸ ਦੇ ਵਿੱਤੀ ਤੌਰ ’ਤੇ ਕੀ ਮਾਇਨੇ ਹਨ? ਜਵਾਬ ਇਸ ਗੱਲ ’ਤੇ ਮੁਨੱਸਰ ਕਰਦਾ ਹੈ ਕਿ ਕਿਸੇ ਦੀ ਨਜ਼ਰ ਵਿਚ ਮਨੁੱਖੀ ਜ਼ਿੰਦਗੀ ਸਸਤੀ ਹੈ ਜਾਂ ਫਿਰ ਬੇਸ਼ਕੀਮਤੀ। ਜਦੋਂ ਪਿਛਲੇ ਸਾਲ ਏਅਰ ਇੰਡੀਆ ਐਕਸਪ੍ਰੈੱਸ ਦਾ ਜਹਾਜ਼ ਹਾਦਸਾਗ੍ਰਸਤ ਹੋਇਆ ਸੀ ਤਾਂ ਏਅਰਲਾਈਨ ਨੇ ਹਾਦਸੇ ਵਿਚ ਮਾਰੇ ਗਏ ਮੁਸਾਫ਼ਰਾਂ ਦੇ ਨੇੜਲੇ ਪਰਿਵਾਰਕ ਜੀਆਂ ਜਾਂ ਵਾਰਸਾਂ ਨੂੰ ਦਸ ਲੱਖ ਰੁਪਏ ਦਾ ਅੰਤਰਿਮ ਮੁਆਵਜ਼ਾ ਦੇਣ ਦਾ ਫ਼ੈਸਲਾ ਕੀਤਾ ਸੀ ਪਰ ਮੌਂਟਰੀਅਲ ਅਹਿਦਨਾਮੇ ਮੁਤਾਬਕ ਇਸ ਤਰ੍ਹਾਂ ਦੇ ਹਵਾਈ ਹਾਦਸੇ ਵਿਚ ਗਈ ਜਾਨ ਦਾ ਮੁੱਲ ਕਰੀਬ 1 ਕਰੋੜ 20 ਲੱਖ ਰੁਪਏ ਬਣਦਾ ਹੈ। ਜਾਨ ਦੇ ਮੁੱਲ ਦਾ ਇਕ ਹੋਰ ਅੰਕੜਾ ਭੋਪਾਲ ਗੈਸ ਕਾਂਡ ਤੋਂ ਲਿਆ ਜਾਂਦਾ ਹੈ। ਉਸ ਕਾਂਡ ਵਿਚ ਮਾਰੇ ਗਏ ਕੁੱਲ 15300 ਲੋਕਾਂ ਦੇ ਪਰਿਵਾਰਾਂ ਨੂੰ ਅਦਾ ਕੀਤੇ ਗਏ ਮੁਆਵਜ਼ੇ ਦਾ ਅੱਜ ਦੇ ਲਿਹਾਜ਼ ਨਾਲ ਔਸਤਨ ਮੁਆਵਜ਼ਾ 4.6 ਲੱਖ ਰੁਪਏ ਬਣਦਾ ਹੈ। ਜੀਵਨ ਬੀਮਾ ਨਿਗਮ (ਐੱਲਆਈਸੀ) ਵਲੋਂ ਮਨੁੱਖੀ ਜੀਵਨ ਦਾ ਮੁੱਲ ਇੰਜ ਕੱਢਿਆ ਜਾਂਦਾ ਹੈ: ਜੇ ਕਿਸੇ ਦੀ ਉਮਰ 50 ਸਾਲ ਹੈ ਤੇ ਉਹ ਉਸ ਦੀ ਮਾਸਿਕ ਆਮਦਨ 30 ਹਜ਼ਾਰ ਰੁਪਏ ਹੈ ਤਾਂ ਉਸ ਦੇ ਜੀਵਨ ਦਾ ਮੁੱਲ ਕਰੀਬ 26 ਲੱਖ ਰੁਪਏ ਬਣੇਗਾ।

ਇਸ ਲਿਹਾਜ਼ ਤੋਂ ਜਿਹੜੇ ਲੋਕ ਕੋਵਿਡ ਕਾਰਨ ਜ਼ਿੰਦਗੀ ਤੋਂ ਹੱਥ ਧੋ ਬੈਠੇ, ਉਨ੍ਹਾਂ ਦੇ ਪਰਿਵਾਰਾਂ ਦਾ ਕਿੱਡਾ ਵੱਡਾ ਮਾਲੀ ਨੁਕਸਾਨ ਹੋਇਆ ਹੈ? ਤੁਸੀਂ ਭਾਵੇਂ ਏਅਰਲਾਈਨ, ਭੋਪਾਲ ਗੈਸ ਜਾਂ ਐੱਲਆਈਸੀ ਦੇ ਅੰਕੜੇ ਲਵੋ ਅਤੇ ਮੌਤਾਂ ਬਾਰੇ ਸਰਕਾਰੀ ਅੰਕੜੇ (ਕਿਸੇ ਹੋਰ ਪ੍ਰਮਾਣਿਕ ਅੰਕੜਿਆਂ ਦੀ ਗ਼ੈਰ ਮੌਜੂਦਗੀ ਵਿਚ) ਮੰਨ ਕੇ ਚੱਲੋ ਤਾਂ ਵੀ ਮਨੁੱਖੀ ਜ਼ਿੰਦਗੀ ਦੇ ਨੁਕਸਾਨ ਦਾ ਮੁੱਲ 16500 ਕਰੋੜ ਰੁਪਏ ਤੋਂ ਲੈ ਕੇ 94000 ਕਰੋੜ ਰੁਪਏ ਤੱਕ ਅੰਗਿਆ ਜਾਂਦਾ ਹੈ। ਇਸ ਦੀ ਉਪਰਲੀ ਰੇਂਜ ਪਿਛਲੇ ਸਾਲ ਮੁਲਕ ਦੀ ਕੁੱਲ ਘਰੇਲੂ ਪੈਦਾਵਾਰ ਦੀ 0.50 ਫ਼ੀਸਦ ਹਿੱਸਾ ਬਣਦੀ ਹੈ ਜਦਕਿ ਅਮਰੀਕਾ ਨੇ 2001 ਵਿਚ ਹੋਏ 9/11 ਸਾਕੇ ਵਿਚ ਮਾਰੇ ਗਏ ਲੋਕਾਂ (ਕਰੀਬ 2800 ਮੌਤਾਂ ਹੋਈਆਂ ਸਨ ਤੇ ਹੋਰ ਬਹੁਤ ਸਾਰੇ ਫੱਟੜ ਹੋਏ ਸਨ) ਦੇ ਪਰਿਵਾਰਾਂ ਨੂੰ ਆਪਣੀ ਕੁੱਲ ਘਰੇਲੂ ਪੈਦਾਵਾਰ ਦਾ 0.60 ਫ਼ੀਸਦ ਹਿੱਸਾ ਮੁਆਵਜ਼ੇ ਦੇ ਰੂਪ ਵਿਚ ਅਦਾ ਕੀਤਾ ਸੀ। ਦੂਜੇ ਸ਼ਬਦਾਂ ਵਿਚ ਇਹ ਰਕਮ ਸਹਿਣਯੋਗ ਕਹੀ ਜਾ ਸਕਦੀ ਹੈ।

ਨੁਕਸਾਨ ਦੇ ਇਹ ਅੰਕੜੇ ਉਹ ਹਨ ਜੋ ਕੋਵਿਡ ਕਾਰਨ ਮਰਨ ਵਾਲਿਆਂ ਨਾਲ ਸਿੱਧੇ ਜੁੜੇ ਹੋਏ ਹਨ ਜਦਕਿ ਮਹਾਮਾਰੀ ਦਾ ਕੁੱਲ ਆਰਥਿਕ ਨੁਕਸਾਨ ਬਹੁਤ ਵੱਡਾ ਹੈ (ਇਸ ਵਿਚ ਉਹ ਵੀ ਸ਼ਾਮਲ ਹਨ ਜੋ ਕੋਵਿਡ ਤੋਂ ਬਚ ਤਾਂ ਗਏ ਹਨ ਪਰ ਆਪਣੀਆਂ ਨੌਕਰੀਆਂ ਤੇ ਰੁਜ਼ਗਾਰ ਗੁਆ ਬੈਠੇ ਹਨ)। ਮੌਤਾਂ ਅਤੇ ਆਰਥਿਕ ਨੁਕਸਾਨ ਬਾਰੇ ਇਹ ਦੋ ਅੰਕੜੇ ਨਾਲੋ-ਨਾਲ ਚਲਦੇ ਜਾਪਦੇ ਹਨ। ਜਿਨ੍ਹਾਂ ਮੁਲਕਾਂ ਅੰਦਰ ਮੌਤਾਂ ਜ਼ਿਆਦਾ ਹੋਈਆਂ ਹਨ, ਉਨ੍ਹਾਂ ਦਾ ਆਰਥਿਕ ਨੁਕਸਾਨ ਵੀ ਜ਼ਿਆਦਾ ਹੋਇਆ ਨਜ਼ਰ ਆ ਰਿਹਾ ਹੈ। (ਬਰਤਾਨੀਆ ਤੇ ਬ੍ਰਾਜ਼ੀਲ ਇਸ ਦੀਆਂ ਦੋ ਚੰਗੀਆ ਮਿਸਾਲਾਂ ਹਨ)। ਮ੍ਰਿਤਕਾਂ ਲਈ ਮੁਆਵਜ਼ਾ ਦੇਣ ਦਾ ਕਦਮ ਚੋਣ ਦਾ ਭਰਮ ਦੂਰ ਕਰ ਦਿੰਦਾ ਹੈ, ਭਾਵ ਇਸ ਲਈ ਕਿਸੇ ਨੂੰ ਉੱਚੀ ਥਾਂ ਤੇ ਦੂਜੇ ਨੂੰ ਨੀਵੇਂ ਥਾਂ ਤੇ ਨਹੀਂ ਰੱਖਿਆ ਜਾ ਸਕਦਾ।

ਇਸ ਤੋਂ ਬਾਅਦ ਆਸ-ਪਾਸ ਦੇ (ਕੋਲੈਟਰਲ) ਨੁਕਸਾਨ ਆਉਂਦੇ ਹਨ। ਮੁਆਵਜ਼ਾ ਮਿਲਣ ਦੀ ਸੰਭਾਵਨਾ ਨਾਲ ਪੀੜਤਾਂ ਦੇ ਪਰਿਵਾਰਾਂ ਨੂੰ ਮੌਤਾਂ ਬਾਰੇ ਸਹੀ ਵੇਰਵੇ ਦਰਜ ਕਰਾਉਣ ਦੀ ਵੀ ਪ੍ਰੇਰਨਾ ਮਿਲੇਗੀ ਤੇ ਇਸ ਤਰ੍ਹਾਂ ਸਾਨੂੰ ਮੌਤਾਂ ਦੇ ਵਧੇਰੇ ਪੁਖ਼ਤਾ ਅੰਕੜੇ ਹਾਸਲ ਹੋ ਸਕਣਗੇ। ਮੋੜਵੇਂ ਰੂਪ ਵਿਚ ਇਹ ਜ਼ਮੀਨੀ ਪੱਧਰ ਤੋਂ ਦਬਾਅ ਪਵੇਗਾ ਜਿਸ ਨਾਲ ਸਰਕਾਰਾਂ ਤੇ ਹਾਲਤ ਕਾਬੂ ਹੇਠ ਲਿਆਉਣ ਲਈ ਮਜਬੂਰ ਹੋਣਗੀਆਂ। ਮੁੱਕਦੀ ਗੱਲ, ਕੋਵਿਡ ਦੇ ਬਹਾਨੇ ਹੀ ਸਹੀ, ਰੇਲ ਤੇ ਸੜਕ ਹਾਦਸਿਆਂ, ਬਾਲ ਮੌਤਾਂ ਜਿਹੀਆਂ ਸਹਿਜੇ ਟਾਲੀਆਂ ਜਾ ਸਕਣ ਵਾਲੀਆਂ ਮੌਤਾਂ ਦੇ ਵਡੇਰੇ ਮੁੱਦੇ ਤੇ ਧਿਆਨ ਕੇਂਦਰਤ ਕੀਤਾ ਜਾਣਾ ਚਾਹੀਦਾ ਹੈ। ਭਾਰਤ ਵਿਚ ਹੋਣ ਵਾਲੀਆਂ ਇਹ ਮੌਤਾਂ ਘਟਾਉਣ ਲਈ ਸਾਨੂੰ ਕਿੰਨਾ ਕੁ ਧਨ ਖਰਚ ਕਰਨਾ ਚਾਹੀਦਾ ਹੈ? ਮੁਆਵਜ਼ਾ ਅਦਾ ਕੀਤਾ ਜਾਵੇ ਭਾਵੇਂ ਨਾ ਪਰ ਜੇ ਹਰ ਅਣਆਈ ਮੌਤ ਮਰਨ ਵਾਲੀ ਜ਼ਿੰਦਗੀ ਬਚਾਉਣ ਲਈ ਖਰਚ ਕੀਤੀ ਜਾਂਦੀ ਵਾਧੂ ਲਾਗਤ ਮਨੁੱਖੀ ਜ਼ਿੰਦਗੀ ਦੀ ਆਰਥਿਕ ਲਾਗਤ ਤੋਂ ਘੱਟ ਨਿਕਲੇ ਤਾਂ ਇਹ ਕਿਸੇ ਦੇ ਵਿਅਕਤੀਗਤ ਨਜ਼ਰੀਏ ਅਤੇ ਸਮਾਜ ਦੇ ਵਡੇਰੇ ਹਿੱਤ ਦੇ ਲਿਹਾਜ਼ ਤੋਂ ਖਰਚ ਕੀਤਾ ਗਿਆ ਸ਼ੁਭ ਸਰਮਾਇਆ ਤਸਲੀਮ ਕੀਤਾ ਜਾਵੇਗਾ।

**ਟੀਐੱਨ ਨੈਨਾਨ**
***ਲਿਖਾਰੀ ਆਰਥਿਕ ਮਾਮਲਿਆਂ ਦਾ ਮਾਹਿਰ ਹੈ।**





## ਸਲਮਾਨ ਖ਼ਾਨ ਨਾਲ ਵੀਰ ਦੀ ਸ਼ੂਟਿੰਗ ਕਰਦੇ ਸਮੇਂ ਜ਼ਰੀਨ ਖ਼ਾਨ ਦਾ ਲੋਕਾਂ ਨੇ ਉਡਾਇਆ ਸੀ ਮਜ਼ਾਕ




**ਨਵੀਂ ਦਿੱਲੀ:** ਬਾਲੀਵੁੱਡ ਅਦਾਕਾਰਾ ਜ਼ਰੀਨ ਖ਼ਾਨ ਬਹੁਤ ਵਾਰ ਬਾਡੀ ਸ਼ੇਮਿੰਗ ਦਾ ਸ਼ਿਕਾਰ ਹੋ ਚੁੱਕੀ ਹੈ। ਇਸ ਬਾਰੇ ਉਹ ਆਪਣੇ ਕਈ ਇੰਟਰਵਿਊ ’ਚ ਬੋਲ ਚੁੱਕੀ ਹੈ। ਇੰਨਾ ਹੀ ਨਹੀਂ ਜ਼ਰੀਨ ਖ਼ਾਨ ਨੂੰ ਆਪਣੀ ਡੈਬਿਊ ਫਿਲਮ ਤੋਂ ਬਾਅਦ ਵੀ ਬਾਡੀ ਸ਼ੇਮਿੰਗ ਦਾ ਸ਼ਿਕਾਰ ਹੋਣਾ ਪਿਆ ਸੀ। ਉਨ੍ਹਾਂ ਨੇ ਦਿੱਗਜ਼ ਅਦਾਕਾਰ ਸਲਮਾਨ ਖ਼ਾਨ ਦੀ ਫਿਲਮ ‘ਵੀਰ’ ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਇਹ ਫਿਲਮ ਸਾਲ 2010 ’ਚ ਰਿਲੀਜ਼ ਹੋਈ ਸੀ।

ਹੁਣ ਜ਼ਰੀਨ ਖ਼ਾਨ ਨੇ ਖੁਲਾਸਾ ਕੀਤਾ ਹੈ ਕਿ ‘ਵੀਰ’ ਲਈ ਉਨ੍ਹਾਂ ਨੂੰ ਭਾਰ ਵਧਾਉਣ ਲਈ ਕਿਹਾ ਗਿਆ ਸੀ। ਅੰਗਰੇਜ਼ੀ ਵੈੱਬਸਾਈਟ ਟਾਈਮਜ਼ ਆਫ ਇੰਡੀਆ ਦੀ ਖ਼ਬਰ ਅਨੁਸਾਰ ਜ਼ਰੀਨ ਖ਼ਾਨ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਮਾਹਰ ਲੋਕਾਂ ਨੇ ਉਨ੍ਹਾਂ ਦੇ ਕਿਰਦਾਰ ਲਈ ਭਾਰ ਵਧਾਉਣ ਦਾ ਹੁਕਮ ਦਿੱਤਾ ਸੀ। ਅਦਾਕਾਰਾ ਨੇ ਕਿਹਾ ਕਿ ਫਿਲਮ ਇੰਡਸਟਰੀ ’ਚ ਕਲਾਕਾਰਾਂ ਦੇ ਲੁੱਕ ਦੇ ਆਧਾਰ ’ਤੇ ਉਨ੍ਹਾਂ ਨੂੰ ਜੱਜ ਕੀਤਾ ਜਾਂਦਾ ਹੈ। ਜਿਸ ਦੀ ਵਜ੍ਹਾ ਨਾਲ ਕਾਫੀ ਮੁਸ਼ਕਿਲ ਹੁੰਦੀ ਹੈ।

## ਕੋਰੋਨਾ ਦੀ ਦਵਾਈ ਨੂੰ ਲੈ ਕੇ ਮੁੰਬਈ ਹਾਈ ਕੋਰਟ ਨੇ ਦਿੱਤੇ ਸੋਨੂੰ ਸੂਦ ਦੀ ਜਾਂਚ ਦੇ ਹੁਕਮ

ਨਵੀਂ ਦਿੱਲੀ, ਜੇਐੱਨਐੱਨ : ਕੋਰੋਨਾ ਮਹਾਮਾਰੀ ਦੌਰਾਨ ਸੋਨੂੰ ਸੂਦ ਲੋਕਾਂ ਦੇ ਮਸੀਹਾ ਬਣ ਕੇ ਉਭਰੇ ਸਨ। ਉਨ੍ਹਾਂ ਨੇ ਸੋਸ਼ਲ ਮੀਡੀਆ ਦੇ ਮਾਧਿਅਮ ਨਾਲ ਕਈ ਲੋਕਾਂ ਨੂੰ ਕੋਰੋਨਾ ਦੀਆਂ ਦਵਾਈਆਂ ਉਪਲੱਬਧ ਕਰਵਾ ਕੇ ਉਨ੍ਹਾਂ ਦੀ ਮਦਦ ਕੀਤੀ। ਹੁਣ ਮੁੰਬਈ ਹਾਈ ਕੋਰਟ ਨੇ ਮਹਾਰਾਸ਼ਟਰ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਉਹ ਅਦਾਕਾਰ ਸੋਨੂੰ ਸੂਦ ਤੇ ਵਿਧਾਇਕ ਜ਼ੀਸ਼ਾਂਨ ਸਿਦੀਕੀ ਦੀ ਸਖ਼ਤ ਜਾਂਚ ਕਰ ਕੇ ਪਤਾ ਲਗਾਉਣ ਕਿ ਕੋਰੋਨਾ ਦੀ ਦਵਾਈ ਇਨ੍ਹਾਂ ਕੋਲ ਕਿਸ ਤਰ੍ਹਾਂ ਪਹੁੰਚੀ ਹੈ। ਮੁੰਬਈ ਹਾਈ ਕੋਰਟ ਨੇ ਆਪਣੇ ਹੁਕਮ ’ਚ ਇਹ ਵੀ ਕਿਹਾ ਕਿ ਸੈਲੀਬ੍ਰਿਟੀ ਆਪਣੇ ਆਪ ਨੂੰ ਮਸੀਹਾ ਦੱਸ ਰਹੇ ਸਨ, ਜਦਕਿ ਉਨ੍ਹਾਂ ਨੇ ਇਸ ਗੱਲ ਦੀ ਵੀ ਪੁਸ਼ਟੀ ਨਹੀਂ ਕਿ ਕਿ ਕੀ ਦਵਾਈਆਂ ਨਕਲੀ ਹਨ ਜਾਂ ਉਹ ਗ਼ੈਰ ਕਾਨੂੰਨੀ ਤਰੀਕੇ ਨਾਲ ਉਨ੍ਹਾਂ ਤਕ ਪਹੁੰਚਾਈਆਂ ਜਾ ਰਹੀਆਂ ਹਨ।

ਮੁੰਬਈ ਹਾਈ ਕੋਰਟ ਨੇ ਬੁੱਧਵਾਰ ਨੂੰ ਮਹਾਰਾਸ਼ਟਰ ਸਰਕਾਰ ਨੂੰ ਸਥਾਨਕ ਕਾਂਗਰਸ ਵਿਧਾਇਕ ਜ਼ੀਸ਼ਾਂਨ ਸਿਦੀਕੀ ਤੇ ਅਦਾਕਾਰ ਸੋਨੂੰ ਸੂਦ ਦੀ ਜਾਂਚ ਕਰਨ ਲਈ ਕਿਹਾ ਹੈ। ਹਾਈ ਕੋਰਟ ਨੇ ਹੁਕਮ ਦਿੱਤਾ ਕਿ ਕੋਰੋਨਾ ਮਹਾਮਾਰੀ ਦੌਰਾਨ ਇਨ੍ਹਾਂ ਦੋਵਾਂ ਦੁਆਰਾ ਉਪਲਬਧ ਕੀਤੀਆਂ ਗਈਆਂ ਦਵਾਈਆਂ ਦੇ ਮਾਮਲੇ ’ਚ ਪੁੱਛਗਿੱਛ ਕੀਤੀ ਜਾਵੇ।



## ਟੈਸਟ ਬੱਲੇਬਾਜ਼ੀ ਰੈਂਕਿੰਗ ਵਿਚ ਵਿਰਾਟ ਕੋਹਲੀ ਚੌਥੇ 'ਤੇ ਪਹੁੰਚੇ, ਸਟੀਵ ਸਮਿਥ ਬਣੇ ਨੰਬਰ ਇਕ ਬੱਲੇਬਾਜ਼



ਦੁਬਈ : ਭਾਰਤੀ ਕਪਤਾਨ ਵਿਰਾਟ ਕੋਹਲੀ ਬੁੱਧਵਾਰ ਨੂੰ ਜਾਰੀ ਤਾਜ਼ਾ ਆਈਸੀਸੀ ਟੈਸਟ ਬੱਲੇਬਾਜ਼ੀ ਰੈਂਕਿੰਗ ਵਿਚ ਚੌਥੇ ਸਥਾਨ 'ਤੇ ਪੁੱਜ ਗਏ ਹਨ ਜਦਕਿ ਆਸਟ੍ਰੇਲਿਆਈ ਬੱਲੇਬਾਜ਼ ਸਟੀਵ ਸਮਿਥ ਨੇ ਨਿਊਜ਼ੀਲੈਂਡ ਦੇ ਕਪਤਾਨ ਕੇਨ ਵਿਲੀਅਮਸਨ ਨੂੰ ਹਟਾ ਕੇ ਮੁੜ ਆਪਣਾ ਸਿਖਰਲਾ ਸਥਾਨ ਹਾਸਲ ਕਰ ਲਿਆ।

## ਯੂਰੋ ਕੱਪ ਵਿਚ ਜਰਮਨੀ ਨੂੰ ਪਹਿਲੇ ਮੈਚ 'ਚ ਫਰਾਂਸ ਤੋਂ ਮਿਲੀ ਹਾਰ



ਮਿਊਨਿਖ: ਯੂਰੋ ਕੱਪ ਵਿਚ ਸਾਬਕਾ ਵਿਸ਼ਵ ਚੈਂਪੀਅਨ ਜਰਮਨੀ ਨੂੰ ਆਤਮਘਾਤੀ ਗੋਲ ਕਾਰਨ ਫਰਾਂਸ ਦੇ ਸਾਹਮਣੇ ਹਾਰ ਦਾ ਮੂੰਹ ਦੇਖਣਾ ਪਿਆ। ਜਰਮਨ ਟੀਮ ਵਿਚ ਵਾਪਸੀ ਕਰਨ ਵਾਲੇ ਮੈਟਸ ਹਮੇਲਸ ਆਤਮਘਾਤੀ ਗੋਲ ਕਰ ਬੈਠੇ ਤੇ ਫਰਾਂਸ ਨੇ 1-0 ਨਾਲ ਮੈਚ ਆਪਣੇ ਨਾਂ ਕੀਤਾ। ਤਜਰਬੇਕਾਰ ਡਿਫੈਂਡਰ ਹਮੇਲਸ ਨੂੰ ਇਸ ਟੂਰਨਾਮੈਂਟ ਲਈ ਜਰਮਨ ਕੋਚ ਜੋਕਿਮ ਲੋ ਨੇ ਟੀਮ ਵਿਚ ਸ਼ਾਮਲ ਕੀਤਾ ਸੀ ਪਰ ਉਨ੍ਹਾਂ ਦੀ ਵਾਪਸੀ ਯਾਦਗਾਰ ਨਹੀਂ ਰਹੀ।

ਲੁਕਾਸ ਹਰਨਾਂਡੇਜ ਦੇ ਕ੍ਰਾਸ ਨੂੰ 20ਵੇਂ ਮਿੰਟ ਵਿਚ ਫਰਾਂਸ ਦੇ ਫਾਰਵਰਡ ਕਾਇਲੀਅਨ ਐਮਬਾਪੇ ਤਕ ਪਹੁੰਚਣ ਤੋਂ ਰੋਕਣ ਦੀ ਕੋਸ਼ਿਸ਼ ਵਿਚ ਉਨ੍ਹਾਂ ਨੇ ਗੇਂਦ ਗ਼ਲਤੀ ਨਾਲ ਆਪਣੇ ਹੀ ਗੋਲ ਪੋਸਟ ਵਿਚ ਪਾ ਦਿੱਤੀ ਤੇ ਟੀਮ ਦੇ ਗੋਲਕੀਪਰ ਮੈਨੂਅਲ ਨਿਊਏਰ ਨੂੰ ਉਸ ਨੂੰ ਰੋਕਣ ਦਾ ਕੋਈ ਸਮਾਂ ਨਹੀਂ ਮਿਲਿਆ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ ‘ਵਰਲਡ ਪੰਜਾਬੀ ਨਿਊਜ਼’ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ ‘ਵਰਲਡ ਪੰਜਾਬੀ ਨਿਊਜ਼’ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। ‘ਵਰਲਡ ਪੰਜਾਬੀ ਨਿਊਜ਼’ ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਝੋਨਾ ਲਗਾਉਣ ਦੀ ਮਸਰੂਫ਼ ਕਿਸਾਨਾਂ ਦੀ ਥਾਂ ਕਾਰੋਬਾਰੀ ਤੇ ਵਪਾਰੀ ਲੋਕ ਦਿਲੀ ਮੋਰਚੇ ਦਾ ਹਿੱਸਾ ਬਣਨ: ਕਰਤਾਰ ਸਿੰਘ ਪਹਿਲਵਾਨ

## ਕਿਸਾਨ ਸੰਘਰਸ਼ ਦੀ ਕਾਮਯਾਬੀ ਲਈ ਚਲਾਈ ਗਈ - ਸਹਿਜ ਪਾਠਾਂ ਦੀ ਲੜੀ ਸਮਾਗਮ ਵਿਚ ਭਰੀ ਹਾਜ਼ਰੀ

ਜੰਡਿਆਲਾ / ਅੰਮ੍ਰਿਤਸਰ (ਕੁਲਵੰਤ ਸਿੰਘ ਵਿਰਦੀ) ਖੇਤੀ ਕਾਨੂੰਨਾਂ ਨੂੰ ਲੈ ਕੇ ਕੇਂਦਰ ਸਰਕਾਰ ਖ਼ਿਲਾਫ਼ ਜਾਰੀ ਕਿਸਾਨ ਸੰਘਰਸ਼ ਦੀ ਕਾਮਯਾਬੀ ਲਈ ਟੀ ਰੋਡ 'ਤੇ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ, ਵਡਾਲੀ ਡੋਗਰਾਂ ਵਿਖੇ ਆਰੰਭੇ ਗਏ ਸਹਿਜ ਪਾਠਾਂ ਦੀ ਲੜੀ ਸਮਾਗਮ ਵਿਚ ਪਰਿਵਾਰ ਸਮੇਤ ਸ਼ਿਰਕਤ ਕਰਦਿਆਂ ਵਿਸ਼ਵ ਪ੍ਰਸਿੱਧ ਤੇ ਵਿਸ਼ਵ ਚੈਂਪੀਅਨ ਪਹਿਲਵਾਨ ਸ: ਕਰਤਾਰ ਸਿੰਘ ਸੁਰ ਸਿੰਘ ਨੇ ਜਿੱਥੇ ਕਿਸਾਨੀ ਸੰਘਰਸ਼ ਦੀ ਫ਼ਤਿਹਯਾਬੀ ਦੀ ਅਰਦਾਸ ਕੀਤੀ ਉੱਥੇ ਹੀ ਉਨ੍ਹਾਂ ਕਿਸਾਨਾਂ ਦੀ ਝੋਨਾ ਲਗਾਉਣ 'ਚ ਮਸਰੂਫ਼ੀਅਤ ਨੂੰ ਦੇਖਦਿਆਂ ਵਪਾਰੀਆਂ ਕਾਰੋਬਾਰੀਆਂ ਅਤੇ ਆਮ ਲੋਕਾਂ ਨੂੰ ਦਿਲੀ ਕਿਸਾਨ ਮੋਰਚੇ ਦਾ ਹਿੱਸਾ ਬਣਨ ਦੀ ਅਪੀਲ ਕੀਤੀ ਹੈ। ਪ੍ਰੋ: ਸਰਚਾਂਦ ਸਿੰਘ ਅਨੁਸਾਰ ਸ: ਕਰਤਾਰ ਸਿੰਘ ਪਹਿਲਵਾਨ ਨੇ ਬਾਬਾ ਜਸਪਾਲ ਸਿੰਘ ਦੀ ਅਗਵਾਈ 'ਚ ਕਿਸਾਨੀ ਦੀ ਚੜ੍ਹਦੀਕਲਾ ਲਈ ਗੁਰੂ ਸਾਹਿਬ ਦਾ ਓਟ ਆਸਰਾ ਲੈਣ ਲਈ ਸਹਿਜ ਪਾਠੀ ਦੀ ਲੜੀ ਸ਼ੁਰੂ ਕਰਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਕੇਂਦਰ ਸਰਕਾਰ ਵੱਲੋਂ ਮੰਨ ਲੈਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰਨਾ ਕਿਸਾਨਾਂ ਦੇ ਹਿਤ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਖੇਤੀ ਦੇ ਖ਼ਾਤਮੇ ਨਾਲ ਦੇਸ਼ ਵੀ ਨਹੀਂ ਬਚੇਗਾ। ਐਮ ਐਸ ਪੀ ਅਤੇ ਸਥਾਪਿਤ ਮੰਡੀਕਰਨ ਪ੍ਰਣਾਲੀ ਦਾ ਅੰਤ ਹੋਣ ਨਾਲ ਕਿਸਾਨੀ ਤਬਾਹ ਹੋ ਜਾਵੇਗੀ। ਜਿਸ ਦਾ ਅਸਰ ਆੜ੍ਹਤੀਏ, ਖੇਤ ਮਜ਼ਦੂਰ ਅਤੇ ਛੋਟੇ ਕਾਰੋਬਾਰੀ ਲੋਕਾਂ 'ਤੇ ਵੀ ਪਵੇਗਾ। ਇਸ ਮੌਕੇ ਸੰਤ ਬਾਬਾ ਜਸਪਾਲ ਸਿੰਘ ਮੰਜੀ ਸਾਹਿਬ ਕਾਰਸੇਵਾ, ਭਾਈ ਇਕਬਾਲ ਸਿੰਘ ਤੁੰਗ, ਬਾਬਾ ਸਤਨਾਮ ਸਿੰਘ ਅਕਾਲੀ ਅਤੇ ਲੰਗਰ ਸਾਹਿਬ ਸੁਸਾਇਟੀ ਦੇ ਪ੍ਰਧਾਨ ਸ: ਨਰਿੰਦਰ ਸਿੰਘ ਵਡਾਲੀ ਡੋਗਰਾਂ ਵੱਲੋਂ ਸ: ਕਰਤਾਰ ਸਿੰਘ ਪਹਿਲਵਾਨ ਅਤੇ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ।





# ਕਿਸਾਨਾਂ ਨੇ ਜਿਆਣੀ ਦਾ ਘਿਰਾਓ ਕਰ ਕੇ ਚੂੜੀਆਂ ਦਿਖਾਈਆਂ

## ਭਾਰੀ ਮੁਸ਼ੱਕਤ ਮਗਰੋਂ ਪੁਲੀਸ ਨੇ ਭਾਜਪਾ ਆਗੂ ਨੂੰ ਮੌਕੇ ਤੋਂ ਕੱਢਿਆ

**ਫ਼ਾਜ਼ਿਲਕਾ।** ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਵੱਲੋਂ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਸੁਰਜੀਤ ਕੁਮਾਰ ਜਿਆਣੀ ਦਾ ਘਿਰਾਓ ਕੀਤਾ ਗਿਆ ਅਤੇ ਉਨ੍ਹਾਂ ਨੂੰ ਚੂੜੀਆਂ ਦਿਖਾਈਆਂ ਗਈਆਂ। ਕਿਸਾਨ ਜਥੇਬੰਦੀਆਂ ਦੀ ਅਗਵਾਈ ਕਿਸਾਨ ਯੂਨੀਅਨ ਡਕੌਂਦਾ ਦੇ ਆਗੂ ਹਰੀਸ਼ ਕੁਮਾਰ ਨੱਡਾ ਕਰ ਰਹੇ ਸਨ। ਇਸ ਦੌਰਾਨ ਭਾਰੀ ਮੁਸ਼ੱਕਤ ਮਗਰੋਂ ਪੁਲੀਸ ਨੇ ਆਪਣੀ ਗੱਡੀ ਵਿੱਚ ਸ੍ਰੀ ਜਿਆਣੀ ਨੂੰ ਮੌਕੇ ਤੋਂ ਕੱਢਿਆ। ਦਰਅਸਲ, ਸ੍ਰੀ ਜਿਆਣੀ ਵੱਲੋਂ ਫ਼ਾਜ਼ਿਲਕਾ ਦੀ ਅਨਾਜ ਮੰਡੀ ਵਿੱਚ ਪ੍ਰੈੱਸ ਕਾਨਫਰੰਸ ਸੱਦੀ ਗਈ ਸੀ ਜਿਸ ਦੀ ਭਿਣਕ ਕਿਸਾਨ ਜਥੇਬੰਦੀਆਂ ਨੂੰ ਲੱਗ ਗਈ। ਇਸ ਤੋਂ ਬਾਅਦ ਕਿਸਾਨ ਉਨ੍ਹਾਂ ਦੇ ਨਿੱਜੀ ਦਫ਼ਤਰ ਦਾ ਘਿਰਾਓ ਕਰਨ ਲਈ ਪੁੱਜ ਗਏ। ਕਿਸਾਨਾਂ ਨੇ ਦਫ਼ਤਰ ਦਾ ਘਿਰਾਓ ਕਰਦਿਆਂ ਕੇਂਦਰ ਸਰਕਾਰ ਤੇ ਭਾਜਪਾ ਆਗੂ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਜਿਸ ਤੋਂ ਬਾਅਦ ਐੱਸਪੀ (ਡੀ) ਵੱਲੋਂ ਭਾਰੀ ਪੁਲੀਸ ਬਲ ਦੀ ਮਦਦ ਨਾਲ ਸ੍ਰੀ ਜਿਆਣੀ ਨੂੰ ਆਪਣੀ ਗੱਡੀ ਵਿੱਚ ਮੌਕੇ ਤੋਂ ਲਿਜਾਇਆ ਗਿਆ।

**ਡਰਨ ਅਤੇ ਝੁਕਣ ਵਾਲਾ ਨਹੀਂ ਹਾਂ: ਜਿਆਣੀ**

ਸ੍ਰੀ ਜਿਆਣੀ ਉਨ੍ਹਾਂ 'ਤੇ ਲੱਗੇ ਜ਼ਮੀਨ ਹੜੱਪਣ ਦੇ ਦੋਸ਼ਾਂ ਸਬੰਧੀ ਸਪੱਸ਼ਟੀਕਰਨ ਦੇਣ ਲਈ ਆਪਣੇ ਦਫ਼ਤਰ ਵਿੱਚ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਨ ਲਈ ਪੁੱਜੇ ਹੋਏ ਸਨ। ਇਸ ਮੌਕੇ ਸ੍ਰੀ ਜਿਆਣੀ ਨੇ ਕਿਹਾ ਕਿ ਉਹ ਡਰਨ ਅਤੇ ਝੁਕਣ ਵਾਲੇ ਨਹੀਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਨਿਸ਼ਾਨਾ ਬਣਾ ਕੇ ਬਿਨਾਂ ਮਤਲਬ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਸ ਜ਼ਮੀਨ ਦੀ ਗੱਲ



ਕੀਤੀ ਜਾ ਰਹੀ ਹੈ, ਉਹ ਨਾ ਤਾਂ ਉਨ੍ਹਾਂ ਦੀ ਹੈ ਤੇ ਨਾ ਹੀ ਉਨ੍ਹਾਂ ਦੇ ਪਰਿਵਾਰ ਦੀ ਸਗੋਂ ਇਹ ਰਿਸ਼ਤੇਦਾਰੀ ਵਿੱਚ ਉਨ੍ਹਾਂ ਦੀ ਸਾਲੀ ਅਤੇ ਸਾਢੂ ਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਕਿਸਾਨ ਆਗੂ ਕਿਸਾਨ ਯੂਨੀਅਨਾਂ ਦੇ ਨਾਂ 'ਤੇ ਲੋਕਾਂ ਨੂੰ ਡਰਾ-ਧਮਕਾ ਰਹੇ ਹਨ।

# ਤਿੰਨ ਲੱਖ ਰੁਪਏ ਦੀ ਜਾਅਲੀ ਕਰੰਸੀ ਸਣੇ ਤਿੰਨ ਦੋਸ਼ੀ ਕਾਬੂ

**ਖੰਨਾ।** ਭਾਰਤ ਦੀ ਨਕਲੀ ਕਰੰਸੀ ਛਾਪਣ ਅਤੇ ਸਪਲਾਈ ਕਰਨ ਦੇ ਦੋਸ਼ ਵਿੱਚ ਖੰਨਾ ਪੁਲਸ ਨੇ ਤਿੰਨ ਜਣਿਆਂ ਨੂੰ ਕਾਬੂ ਕੀਤਾ ਹੈ। ਮੁਲਜ਼ਮ ਆਪਣੇ ਆਪ ਨੋਟ ਛਾਪ ਕੇ ਸਪਲਾਈ ਕਰ ਰਹੇ ਸਨ। ਇਨ੍ਹਾਂ ਅਨਸਰਾਂ ਕੋਲੋਂ ਨੋਟ ਛਾਪਣ ਦਾ ਸਾਮਾਨ ਅਤੇ ਨਕਲੀ ਕਰੰਸੀ ਬਰਾਮਦ ਕੀਤੀ ਗਈ ਹੈ।

ਡੀ ਐਸ ਪੀ ਖੰਨਾ ਰਾਜਨ ਪਰਮਿੰਦਰ ਸਿੰਘ ਅਤੇ ਡੀ ਐਸ ਪੀ (ਆਈ) ਮਨਮੋਹਨ ਸਰਨਾ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਗੁਪਤ ਸੂਚਨਾ ਉੱਤੇ ਪੁਲਸ ਨੇ ਮਿਲਟਰੀ ਗਰਾਊਂਡ ਖੰਨੇ ਤੋਂ ਤਿੰਨ ਜਣਿਆਂ ਨੂੰ ਫੜਿਆ, ਜਿਨ੍ਹਾਂ ਕੋਲੋਂ ਤਿੰਨ ਲੱਖ ਚਾਰ ਹਜ਼ਾਰ ਰੁਪਏ ਦੀ ਜਾਅਲੀ ਕਰੰਸੀ ਮਿਲੀ ਹੈ। ਦੋਸ਼ੀਆਂ ਦੀ ਪਛਾਣ ਆਸ਼ੂ ਪੁੱਤਰ ਦਵਿੰਦਰ ਸਿੰਘ ਵਾਸੀ ਵਾਰਡ ਨੰਬਰ 16, ਕ੍ਰਿਸ਼ਨਾ ਨੰਗਰ ਖੰਨਾ, ਮਨਦੀਪ ਸਿੰਘ ਮਨੀ ਪੁੱਤਰ ਭੋਲਾ ਵਾਸੀ ਬਸੰਤ ਨਗਰ ਖੰਨਾ ਤੇ ਵਿਕਾਸ ਵਿੱਕੀ ਵਾਸੀ ਵਾਰਡ 20 ਉਤਮ ਨਗਰ ਖੰਨਾ ਵਜੋਂ ਹੋਈ ਹੈ। ਦੋਵੇਂ ਡੀ ਐਸ ਪੀਜ਼ ਨੇ ਦੱਸਿਆ ਕਿ ਦੋਸ਼ੀ ਕਿਰਾਏ ਦਾ ਮਕਾਨ ਲੈ ਕੇ ਉਥੇ ਨੋਟ ਛਾਪਦੇ ਸਨ। ਉਹ ਸਕੈਨਰ ਅਤੇ ਪ੍ਰਿੰਟਰ ਦੀ ਵਰਤੋਂ ਕਰਦੇ ਸਨ। ਪੁਲਸ ਨੂੰ ਸੂਚਨਾ ਮਿਲੀ ਸੀ ਕਿ ਮਿਲਟਰੀ ਗਰਾਊਂਡ ਦੇ ਮੰਦਰ ਕੋਲ ਉਹ ਲੋਕ ਜਾਅਲੀ ਨੋਟ ਲੈ ਕੇ ਗਾਹਕ ਦੀ ਉਡੀਕ ਕਰ ਰਹੇ ਹਨ, ਜਦੋਂ ਪੁਲਸ ਨੇ ਉਨ੍ਹਾਂ ਨੂੰ ਕਾਬੂ ਕਰ ਕੇ ਜਾਅਲੀ ਕਰੰਸੀ ਬਰਾਮਦ ਕਰ ਲਈ। ਦੋਸ਼ੀ ਪਿਛਲੇ ਛੇ ਮਹੀਨਿਆਂ ਤੋਂ ਜਾਅਲੀ ਨੋਟ ਛਾਪ ਰਹੇ ਸਨ। ਪੁਲਸ ਇਹ ਛਾਣਬੀਣ ਕਰ ਰਹੀ ਹੈ ਕਿ ਇਸ ਗਿਰੋਹ ਵਿੱਚ ਹੋਰ ਕਿਹੜੇ-ਕਿਹੜੇ ਅਨਸਰ ਸ਼ਾਮਲ ਹਨ।



# ਅੰਦੋਲਨ ਵਿਰੋਧੀ ਚਾਲਾਂ ਦੇ ਟਾਕਰੇ ਲਈ ਸੰਘਰਸ਼ ਤੇਜ਼ ਕਰਨ ਦਾ ਐਲਾਨ

**ਚੰਡੀਗੜ੍ਹ।** ਪੰਜਾਬ ਦੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨਾਂ ਨੇ ਸੱਦਾ ਦਿੱਤਾ ਹੈ ਕਿ ਮੋਦੀ ਸਰਕਾਰ ਵੱਲੋਂ ਕਿਸਾਨ ਅੰਦੋਲਨ ਦੇ ਖ਼ਿਲਾਫ਼ ਚਲਾਈਆਂ ਜਾ ਰਹੀਆਂ ਚਾਲਾਂ ਦੇ ਟਾਕਰੇ ਲਈ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇ। ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਪੰਜਾਬ ਦੀਆਂ 32 ਜਥੇਬੰਦੀਆਂ ਵੱਲੋਂ ਜਾਰੀ ਧਰਨੇ 258ਵੇਂ ਦਿਨ ਵੀ ਜਾਰੀ ਰਹੇ। ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ ਵੱਲੋਂ ਲੁਕਵੇਂ ਢੰਗ ਨਾਲ ਬਿਜਲੀ ਸਬਸਿਡੀ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਦਾ ਸਖ਼ਤ ਨੋਟਿਸ ਲਿਆ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਸਰਕਾਰ ਦੀ ਇਸ ਨੀਤੀ ਖ਼ਿਲਾਫ਼ ਵੀ ਮੋਰਚਾ ਖੋਲ੍ਹਿਆ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਬਿਜਲੀ ਸੋਧ ਬਿੱਲ-2020 ਦੇ ਮਨੋਰਥਾਂ ਨੂੰ ਪੂਰਾ ਕਰਨ ਲਈ ਨਵੀਆਂ ਚਾਲਾਂ ਚੱਲ ਰਹੀ ਹੈ। ਪੰਜਾਬ ਭਰ ਵਿੱਚ ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ 'ਚ ਕਿਸਾਨ ਆਗੂਆਂ ਨੇ ਅੱਜ ਨਾਟਕਕਾਰ ਅਜਮੇਰ ਸਿੰਘ ਔਲਖ ਦੀ ਚੌਥੀ ਬਰਸੀ ਮੌਕੇ ਸ਼ਰਧਾਂਜਲੀਆਂ ਵੀ ਭੇਟ ਕੀਤੀਆਂ। ਕਿਸਾਨ ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਬਿਜਲੀ ਸਬਸਿਡੀ ਬੰਦ ਕਰ ਕੇ ਕਿਸਾਨਾਂ ਨੂੰ ਬਿਜਲੀ ਬਿੱਲ ਲਾਉਣ ਦਾ ਸਖ਼ਤ ਵਿਰੋਧ ਕੀਤਾ ਹੈ। ਕਿਸਾਨ ਆਗੂਆਂ ਨੂੰ ਬਿਨਾਂ ਸ਼ਰਤ ਤਿੰਨੇ ਖੇਤੀ ਕਾਨੂੰਨ ਰੱਦ ਕਰਨ, 23 ਫ਼ਸਲਾਂ ਦੀ ਖ਼ਰੀਦ ਦੀ ਗਾਰੰਟੀ ਵਾਲਾ ਕਾਨੂੰਨ ਬਣਾਉਣ, ਤੇਲ ਕੀਮਤਾਂ ਵਿੱਚ



ਕੀਤਾ ਭਾਰੀ ਵਾਧਾ ਵਾਪਿਸ ਲੈਣ, ਬਿਜਲੀ ਸੋਧ ਬਿੱਲ-2020 ਤੇ ਹਵਾ ਪ੍ਰਦੂਸ਼ਣ ਐਕਟ-2020 ਤੁਰੰਤ ਰੱਦ ਕਰਨ ਦੀ ਮੰਗ ਕੀਤੀ ਤੇ 26 ਜੂਨ ਅੰਦੋਲਨ ਦੇ 7 ਮਹੀਨੇ ਪੂਰੇ ਹੋਣ 'ਤੇ ਮੰਗ ਪੱਤਰ ਦੇਣ ਦਾ ਐਲਾਨ ਕੀਤਾ ਹੈ। ਇਸੇ ਦੌਰਾਨ ਟਿਕਰੀ ਮੋਰਚਿਆਂ ਲਈ ਕਾਫ਼ਲਿਆਂ ਦਾ ਲਗਾਤਾਰ ਜਾਣਾ ਜਾਰੀ ਹੈ। ਲੁਧਿਆਣਾ ਦੇ ਪਿੰਡ ਸਿੱਧਵਾਂ ਕਲਾਂ ਤੋਂ ਔਰਤਾਂ ਦਾ ਜਥਾ ਅੱਜ ਸਿੰਘੂ ਹੱਦ ਲਈ ਰਵਾਨਾ ਹੋਇਆ।

# ਸ਼ੈੱਡ ਨਾ ਬਣਾਉਣ 'ਤੇ ਨਗਰ ਪੰਚਾਇਤ ਵਿਰੁੱਧ ਮੁਜ਼ਾਹਰਾ



**ਚਮਕੌਰ ਸਾਹਿਬ।** ਸ੍ਰੀ ਵਿਸ਼ਵਕਰਮਾ ਬਿਲਡਿੰਗ ਉਸਾਰੀ ਕਿਰਤੀ ਕਾਮਾ ਯੂਨੀਅਨ ਵੱਲੋਂ ਚੇਅਰਮੈਨ ਦਲਵੀਰ ਸਿੰਘ ਤੇ ਪ੍ਰਧਾਨ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਆਰਜੀ ਲੇਬਰ ਚੌਕ ਵਿੱਚ ਮਜ਼ਦੂਰਾਂ ਲਈ ਸ਼ੈੱਡ ਬਣਾਉਣ ਸਬੰਧੀ ਨਗਰ ਪੰਚਾਇਤ ਖ਼ਿਲਾਫ਼ ਰੋਸ ਰੈਲੀ ਕਰ ਕੇ ਨਾਅਰੇਬਾਜ਼ੀ ਕੀਤੀ ਗਈ। ਯੂਨੀਅਨ ਦੇ ਮੁੱਖ ਸਲਾਹਕਾਰ ਮਲਾਗਰ ਸਿੰਘ ਨੇ ਦੱਸਿਆ ਕਿ ਲੇਬਰ ਵੈੱਲਫੇਅਰ ਬੋਰਡ ਤੇ ਕਿਰਤ ਵਿਭਾਗ ਵੱਲੋਂ ਮਜ਼ਦੂਰਾਂ ਦੇ ਬੈਠਣ ਤੇ ਅਰਾਮ ਕਰਨ ਲਈ ਸ਼ੈੱਡ ਬਣਾਉਣ ਲਈ ਵਿਸ਼ੇਸ਼ ਫੰਡ ਰੱਖੇ ਜਾਂਦੇ ਹਨ, ਜਿਸ ਅਧੀਨ ਯੂਨੀਅਨ ਵੱਲੋਂ ਪਾਸ ਕੀਤੇ ਮਤਿਆਂ ਸਮੇਤ ਮੰਗ ਪੱਤਰ ਨਗਰ ਪੰਚਾਇਤ ਦੇ ਪ੍ਰਧਾਨ ਤੇ ਹਲਕੇ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਦੋਵੇਂ ਲੀਡਰਾਂ ਵੱਲੋਂ ਛੇਤੀ ਸ਼ੈੱਡ ਬਣਾਉਣ ਦੇ ਭਰੋਸੇ ਦਿੱਤੇ ਗਏ ਪਰ ਕਾਫੀ ਸਮਾਂ ਬੀਤ ਜਾਣ 'ਤੇ ਵੀ ਸ਼ੈੱਡ ਨਹੀਂ ਬਣਾਇਆ ਗਿਆ। ਜਿਸ ਕਾਰਨ ਯੂਨੀਅਨ ਵੱਲੋਂ ਨਗਰ ਪੰਚਾਇਤ ਖ਼ਿਲਾਫ਼ ਰੋਸ ਰੈਲੀ ਕਰਕੇ ਨਾਅਰੇਬਾਜ਼ੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਰੋਜ਼ਾਨਾ ਹੀ ਮਿਸਤਰੀ, ਮਜ਼ਦੂਰ, ਕਾਰਪੈਂਟਰ, ਪਲੰਬਰ ਸਮੇਤ ਹੋਰ ਦਿਹਾੜੀਦਾਰ ਆਰਜ਼ੀ ਲੇਬਰ ਚੌਕ ਵਿੱਚ ਦੁਕਾਨਾਂ ਅੱਗੇ ਬੈਠ ਕੇ ਸਮਾਂ ਬਤੀਤ ਕਰਦੇ ਹਨ। ਰੈਲੀ ਦੌਰਾਨ ਸਮੁੱਚੇ ਮਜ਼ਦੂਰਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਰੋਨਾ ਕਾਰਨ ਕੰਮ ਨਾ ਹੋਣ 'ਤੇ ਉਨ੍ਹਾਂ ਦੇ ਖਾਤਿਆਂ ਵਿੱਚ ਘੱਟੋ ਘੱਟ 10 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਪਾਈ ਜਾਵੇ। ਇਸ ਮੌਕੇ ਅਜਾਇਬ ਸਿੰਘ, ਜਗਮੀਤ ਸਿੰਘ, ਹਰਪ੍ਰੀਤ ਸਿੰਘ, ਰਮੇਸ਼ ਕੁਮਾਰ, ਬਹਾਦਰ ਸਿੰਘ, ਗੁਰਮੇਲ ਸਿੰਘ, ਰਣਧੀਰ ਸਿੰਘ ਅਤੇ ਗੁਲਾਬ ਚੌਹਾਨ ਆਦਿ ਹਾਜ਼ਰ ਸਨ।

# ਗਲੀਆਂ 'ਚ ਖੜ੍ਹੇ ਪਾਣੀ 'ਚ ਝੋਨਾ ਲਾ ਕੇ ਰੋਸ ਵਿਖਾਵਾ

**ਦੋਦਾ।** ਪਿੰਡ ਭੁੱਟੀਵਾਲਾ 'ਚ ਆਮ ਆਦਮੀ ਪਾਰਟੀ ਦੇ ਯੂਥ ਆਗੂਆਂ ਅਤੇ ਵਰਕਰਾਂ ਨੇ ਝੋਨਾ ਲਾ ਕੇ ਹਲਕਾ ਗਿੱਦੜਬਾਹਾ ਦੇ ਵਿਕਾਸ ਦੀ ਫੂਕ ਕੱਢ ਕੇ ਰੱਖ ਦਿੱਤੀ। ਜ਼ਿਲ੍ਹਾ ਯੂਥ ਪ੍ਰਧਾਨ ਸੁਖਜਿੰਦਰ ਸਿੰਘ ਕਾਉਣੀ ਨੇ ਦੱਸਿਆ ਕਿ ਉਕਤ ਪਿੰਡ ਦੀ ਮੁੱਖ ਗਲੀ, ਜੋ ਝੀਲ ਦਾ ਰੂਪ ਧਾਰ ਚੁੱਕੀ ਹੈ, ਜਿਸ ਕਾਰਨ ਲੋਕਾਂ ਨੂੰ ਲੰਘਣ ਸਮੇਂ ਭਾਰੀ ਮੁਸ਼ਕਿਲ ਦਾ ਸਹਾਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਹਲਕਾ ਗਿੱਦੜਬਾਹਾ ਦਾ ਵਿਧਾਇਕ ਹਲਕੇ ਵਿਚ ਵਿਕਾਸ ਦੀਆਂ ਵੱਡੀਆਂ ਫੜ੍ਹਾਂ ਮਾਰ ਰਿਹਾ ਹੈ ਪਰ ਅਸਲ ਹਕੀਕਤ ਕੁਝ ਹੋਰ ਹੈ। 'ਆਪ' ਦੇ ਜ਼ਿਲ੍ਹਾ ਯੂਥ ਆਗੂ ਗੁਰਮੀਤ ਸਿੰਘ ਅਤੇ ਇਕਾਈ ਪ੍ਰਧਾਨ ਜੋਰਾ ਸਿੰਘ ਦੀ ਅਗਵਾਈ ਹੇਠ ਰੇਸ਼ਮ ਸਿੰਘ, ਲੱਖੀ ਸਿੰਘ, ਇਕਬਾਲ ਸਿੰਘ ਅਤੇ ਕੁਝ ਮਾਤਾਵਾਂ ਅਤੇ ਭੈਣਾਂ ਨੇ ਮੁੱਖ ਗਲੀ ਵਿਚ ਝੋਨਾ ਲਾ ਕੇ ਰੋਸ ਜ਼ਾਹਿਰ ਕੀਤਾ ਤੇ ਕਿਹਾ ਕਿ ਵਿਧਾਇਕ ਸਿਰਫ ਗੱਲ੍ਹਾਂ ਦਾ ਕੜਾਹ ਨਾ ਬਣਾਏ, ਸਗੋਂ ਲੋਕਾਂ ਦੀ ਸਮੱਸਿਆ ਨੂੰ ਧਿਆਨ 'ਚ ਰੱਖਦਿਆਂ ਅਸਲੀਅਤ ਵਿਚ ਪਿੰਡ ਦਾ ਵਿਕਾਸ ਕਰੇ।



# ਗਲੀ ਵਿੱਚ ਖੇਡਣ ਤੋਂ ਰੋਕਣ ਤੋਂ ਔਰਤ ਦੀ ਕੁੱਟਮਾਰ

ਅੰਮ੍ਰਿਤਸਰ । ਥਾਣਾ ਇਸਲਾਮਾਬਾਦ ਹੇਠ ਆਉਂਦੇ ਇਲਾਕੇ ਵਿੱਚ ਗਲੀ ਵਿੱਚ ਖੇਡਣ ਤੋਂ ਰੋਕਣ 'ਤੇ ਦੋ ਵਿਅਕਤੀਆਂ ਨੇ ਇਕ ਔਰਤ ਦੇ ਘਰ ਵਿੱਚ ਜਬਰੀ ਦਾਖਲ ਹੋ ਕੇ ਉਸ ਦੀ ਕੁੱਟਮਾਰ ਕੀਤੀ। ਇਸ ਤੋਂ ਬਾਅਦ ਪੀੜਤ ਧਿਰ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲੀਸ ਨੇ ਦੋ ਵਿਅਕਤੀਆ ਵਿਸ਼ਾਲ ਪ੍ਰਿੰਸ ਅਤੇ ਨਿਹਾਲ ਖਿਲਾਫ ਆਈਪੀਸੀ ਦੀ ਧਾਰਾ 452,380,323,506,148 ਤੇ 149 ਹੇਠ ਕੇਸ ਦਰਜ ਕੀਤਾ ਹੈ ਪਰ ਫਿਲਹਾਲ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀ ਹੋਈ ਹੈ। ਸ਼ਿਕਾਇਤਕਰਤਾ ਗੁਰਮੀਤ ਸਿੰਘ ਨੇ ਪੁਲੀਸ ਨੂੰ ਦੱਸਿਆ ਕਿ ਕੁਝ ਵਿਅਕਤੀਆਂ ਨੇ ਜ਼ੋਰ ਨਾਲ ਘਰ ਦਾ ਦਰਵਾਜ਼ਾ ਖੜਕਾਉਣਾ ਸ਼ੁਰੂ ਕਰ ਦਿੱਤਾ। ਜਦੋਂ ਉਸ ਨੇ ਹੇਠਾਂ ਦੇਖਿਆ ਤਾਂ ਨਾਮਜ਼ਦ ਕੀਤੇ ਦੋਵਾਂ ਵਿਅਕਤੀਆਂ ਨਾਲ ਕੁਝ ਅਣਪਛਾਤੇ ਵਿਅਕਤੀ ਤੇਜ਼ਧਾਰ ਹਥਿਆਰ ਲੈ ਕੇ ਖੜ੍ਹੇ ਸਨ ਅਤੇ ਗਾਲ੍ਹਾਂ ਕੱਢ ਰਹੇ ਸਨ। ਜਦੋਂ ਉਸ ਨੇ ਇਸ ਦਾ ਕਾਰਨ ਪੁੱਛਿਆ ਤਾ ਹਮਲਾਵਰਾਂ ਨੇ ਆਖਿਆ ਕਿ ਉਸ ਦੀ ਪਤਨੀ ਗਲੀ ਵਿੱਚ ਖੇਡਣ ਤੋਂ ਕਿਵੇਂ ਰੋਕ ਸਕਦੀ ਹੈ। ਇਸ ਦੌਰਾਨ ਹਮਲਾਵਰ ਜਬਰੀ ਘਰ ਵਿੱਚ ਦਾਖਲ ਹੋ ਗਏ ਅਤੇ ਉਸ ਦੀ ਪਤਨੀ ਦੀ ਕੁੱਟਮਾਰ ਕੀਤੀ ਅਤੇ ਸੋਨੇ ਦੀ ਚੇਨ ਵੀ ਖੋਹ ਕੇ ਲੈ ਗਏ।

# ਗੁਰੂ ਕੀ ਨਗਰੀ ਵਿੱਚ ਵਿਕਾਸ ਕਾਰਜਾਂ ਦਾ ਆਗਾਜ਼

**ਅੰਮ੍ਰਿਤਸਰ ।** ਮੇਅਰ ਕਰਮਜੀਤ ਸਿੰਘ ਰਿੰਟੂ ਨੇ ਹਲਕਾ ਉੱਤਰੀ ਦੀ ਵਾਰਡ ਨੰਬਰ 12 ਦੇ ਇਲਾਕੇ ਰਿਸ਼ੀ ਵਿਹਾਰ ਦੀ ਗਲੀ ਨੰਬਰ 4 'ਚ ਕੰਕਟਰੀਟ ਦੀ ਸੜਕ ਬਣਾਉਣ ਅਤੇ ਵਾਰਡ ਨੰਬਰ 13 ਦੇ ਇਲਾਕੇ ਇੰਦਰਾ ਕਲੋਨੀ ਦੀਆਂ ਸੜਕਾਂ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ ਕਰਵਾਇਆ। ਉਨ੍ਹਾਂ ਨੇ ਵਾਰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣ ਕੇ ਉਨ੍ਹਾਂ ਨੂੰ ਮੌਕੇ 'ਤੇ ਹੱਲ ਕਰਨ ਦੇ ਨਿਗਮ ਅਧਿਕਾਰੀਆਂ ਨੂੰ ਆਦੇਸ਼ ਦਿੱਤੇ।

ਇਸੇ ਦੌਰਾਨ ਮੇਅਰ ਵੱਲੋਂ ਹਲਕਾ ਉੱਤਰੀ ਦੀ ਵਾਰਡ ਨੰਬਰ 6 ਸਥਿਤ ਅਕਾਸ਼ ਐਵੇਨਿਊ ਵਿੱਚ 18 ਲੱਖ ਦੀ ਲਾਗਤ ਨਾਲ ਲੱਗਣ ਵਾਲੇ ਨਵੇਂ ਟਿਊਬਵੈੱਲ ਦੇ ਕੰਮ ਅਤੇ ਵਾਰਡ ਨੰਬਰ 7 ਦੀ ਹਾਊਸਿੰਗ ਬੋਰਡ ਕਲੋਨੀ ਵਿੱਚ ਨਵੇਂ ਬਣੇ ਟਿਊਬਵੈੱਲ ਦਾ ਉਦਘਾਟਨ ਕੀਤਾ ਗਿਆ ਜਿਸ ਨਾਲ ਵਾਰਡ ਨੰਬਰ 7 ਦੇ ਫੈਜ਼ਪੁਰਾ, ਜੰਤਪੁਰਾ, ਗਾਂਧੀ ਕਲੋਨੀ ਦੇ ਇਲਾਕਾ ਨਿਵਾਸੀਆਂ ਨੂੰ ਸ਼ੁੱਧ ਪਾਣੀ ਦੀ ਸਹੂਲਤ ਮਿਲੇਗੀ।

ਮੇਅਰ ਰਿੰਟੂ ਨੇ ਕਿਹਾ ਕਿ ਜੇ ਸ਼ਹਿਰ ਦੇ ਕਿਸੇ ਵੀ ਇਲਾਕੇ 'ਚ ਵਿਕਾਸ ਕਾਰਜ ਦੀ ਲੋੜ ਹੈ ਤਾਂ ਲੋਕ ਉਨ੍ਹਾਂ ਦੇ ਧਿਆਨ 'ਚ ਜ਼ਰੂਰ ਲਿਆਉਣ ਤਾਂ ਜੋ ਅੰਮ੍ਰਿਤਸਰ ਸ਼ਹਿਰ ਦਾ ਕੋਈ ਵੀ ਇਲਾਕਾ ਵਿਕਾਸ ਕਾਰਜਾਂ ਤੋਂ ਸੱਖਣਾ ਨਾ ਰਹੇ।

ਇਸ ਮੌਕੇ ਕੌਂਸਲਰ ਪ੍ਰਿਅਕਾ ਸ਼ਰਮਾ, ਰਿਤੇਸ਼ ਸ਼ਰਮਾ, ਪਵਨ ਕੁਮਾਰ, ਪੀ.ਕੇ ਸ਼ਰਮਾ, ਆਸ਼ਾ ਰਾਣੀ, ਸੁਨਾਲੀ ਸ਼ਰਮਾ, ਵਿਸ਼ਾਲ ਸ਼ਰਮਾ, ਮਨਜੀਤ ਸਿੰਘ, ਪੰਕਜ਼ ਸ਼ਰਮਾ, ਨਿਸ਼ਾ, ਐਕਸੀਅਨ ਭਲਿੰਦਰ ਸਿੰਘ, ਕੌਂਸਲਰ ਸ੍ਰੀਮਤੀ ਕਾਜ਼ਲ, ਕੌਂਸਲਰ ਬਲਵਿੰਦਰ ਸਿੰਘ, ਇੰਦਰਜੀਤ ਸਿੰਘ ਬੋਬੀ, ਰਾਹੁਲ, ਰਾਮ ਪ੍ਰਧਾਨ, ਪੂਰਨ ਚੰਦ, ਐਡਵੋਕੇਟ ਅਰਸ਼ਦੀਪ ਗਿੱਲ, ਸਤਪਾਲ ਸਿੰਘ ਹੈਡਮਾਸਟਰ, ਹਰਦਿਆਲ ਸਿੰਘ, ਅਮਰਜੀਤ ਸਿੰਘ, ਹਰਪ੍ਰੀਤ ਸਿੰਘ, ਐਕਸੀਅਨ ਮਨਜੀਤ ਸਿੰਘ, ਜੇ.ਈ ਰਮਨ ਕੁਮਾਰ ਆਦਿ ਹਾਜ਼ਰ ਸਨ। ਇਸੇ ਦੌਰਾਨ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਦਿਨੇਸ਼ ਬੱਸੀ ਨੇ ਅੱਜ ਵਿਧਾਨ ਸਭਾ ਹਲਕਾ ਪੂਰਬੀ ਦੀ 30 ਨੰਬਰ ਵਾਰਡ ਵਿੱਚ



ਕਰੀਬ ਇੱਕ ਕਰੋੜ 75 ਲੱਖ ਰੁਪਏ ਦੇ ਵਿਕਾਸ ਕੰਮ ਸ਼ੁਰੂ ਕਰਵਾਏ। ਚੇਅਰਮੈਨ ਬੱਸੀ ਨੇ ਦੱਸਿਆ ਕਿ ਵਾਰਡ ਦੇ ਇਲਾਕੇ ਮਾਲ ਮੰਡੀ ਏ ਅਤੇ ਬੀ ਬਲਾਕ ਦੀਆਂ ਸੜਕਾਂ, ਗਲੀਆਂ, ਨਾਲੀਆਂ ਤੇ ਪਾਰਕਾਂ ਦੇ ਸੁੰਦਰੀਕਰਨ ਲਈ ਟਾਈਲਾਂ ਲਗਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਾਫ਼ੀ ਸਮੇਂ ਤੋਂ ਇਨ੍ਹਾਂ ਇਲਾਕਿਆਂ ਵਿੱਚ ਵਿਕਾਸ ਕੰਮਾਂ ਦੀ ਮੰਗ ਕੀਤੀ ਜਾ ਰਹੀ ਸੀ।

# 'ਰਾਮਾਇਣ' ਦੇ ਆਰਿਆ ਸੁਮੰਤ ਦਾ ਦੇਹਾਂਤ





**ਮੁੰਬਈ।** ਟੈਲੀਵਿਜ਼ਨ ਦੇ ਹਰਮਨਪਿਆਰੇ ਲੜੀਵਾਰ 'ਰਾਮਾਇਣ' ਵਿੱਚ ਆਰਿਆ ਸੁਮੰਤ ਦਾ ਕਿਰਦਾਰ ਨਿਭਾਉਣ ਵਾਲੇ ਤੇ ਫਿਲਮ 'ਚਾ ਚਾ ਚਾ' ਤੇ 'ਸੁਰੰਗ' ਰਾਹੀਂ ਪਛਾਣ ਬਣਾਉਣ ਵਾਲੇ ਉੱਘੇ ਅਦਾਕਾਰ ਚੰਦਰਸ਼ੇਖਰ ਦਾ ਅੱਜ ਦੇਹਾਂਤ ਹੋ ਗਿਆ। ਉਹ 98 ਸਾਲਾਂ ਦੇ ਸਨ। ਉਨ੍ਹਾਂ ਦੇ ਪੁੱਤਰ ਤੇ ਪ੍ਰੋਡਿਊਸਰ ਅਸ਼ੋਕ ਸ਼ੇਖਰ ਨੇ ਦੱਸਿਆ ਕਿ ਉਨ੍ਹਾਂ ਨੇ ਅੱਜ ਸਵੇਰੇ ਆਪਣੇ ਘਰ ਵਿੱਚ ਆਖ਼ਰੀ ਸਾਹ ਲਿਆ। ਸ਼ੇਖਰ ਨੇ ਦੱਸਿਆ, 'ਉਹ ਪਰਿਵਾਰ ਦੀ ਮੌਜੂਦਗੀ ਵਿਚ ਸੁੱਤੇ ਪਏ ਹੀ ਰਹਿ ਗਏ ਜਿਵੇਂ ਉਹ ਚਾਹੁੰਦੇ ਸਨ। ਉਨ੍ਹਾਂ ਨੂੰ ਕੋਈ ਬਿਮਾਰੀ ਨਹੀਂ ਸੀ। ਇਹ ਸਿਰਫ਼ ਉਮਰ ਕਾਰਨ ਹੋਇਆ ਹੈ। ਉਨ੍ਹਾਂ ਨੇ ਵਧੀਆ ਜ਼ਿੰਦਗੀ ਬਤੀਤ ਕੀਤੀ।' 250 ਤੋਂ ਵੱਧ ਫਿਲਮਾਂ 'ਚ ਕੰਮ ਕਰਨ ਵਾਲੇ ਚੰਦਰਸ਼ੇਖਰ ਨੇ 1972-1976 ਤੱਕ ਲੇਖਕ ਤੇ ਫਿਲਮਸਾਜ਼ ਗੁਲਜ਼ਾਰ ਦੇ ਸਹਾਇਕ ਵਜੋਂ ਵੀ ਕੰਮ ਕੀਤਾ।

# ਗੁਜਰਾਤ: ਕਾਰ ਤੇ ਟਰੱਕ ਦੀ ਟੱਕਰ ਵਿਚ ਦੋ ਬੱਚਿਆਂ ਸਣੇ ਨੌਂ ਹਲਾਕ

**ਆਨੰਦ।** ਗੁਜਰਾਤ ਦੇ ਜ਼ਿਲ੍ਹਾ ਆਨੰਦ ਵਿਚ ਪੈਂਦੇ ਪਿੰਡ ਇੰਦਰਨਾਜ ਨੇੜੇ ਅੱਜ ਇਕ ਕਾਰ ਦੀ ਟਰੱਕ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ। ਇਸ ਹਾਦਸੇ ਵਿਚ ਕਾਰ 'ਚ ਸਵਾਰ ਦੋ ਬੱਚਿਆਂ ਸਣੇ ਨੌਂ ਵਿਅਕਤੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਅੱਜ ਪੁਲੀਸ ਨੇ ਦਿੱਤੀ। ਮ੍ਰਿਤਕਾਂ ਵਿਚ ਤਿੰਨ ਤੋਂ ਪੰਜ ਸਾਲ ਉਮਰ ਦੇ ਦੋ ਬੱਚਿਆਂ ਸਮੇਤ ਦੋ ਔਰਤਾਂ ਵੀ ਸ਼ਾਮਲ ਸਨ। ਡੀਐੱਸਪੀ ਭਾਰਤੀਬੇਨ ਪਾਂਡਿਆ ਨੇ ਕਿਹਾ ਕਿ ਮ੍ਰਿਤਕ ਗੁਜਰਾਤ ਦੇ ਸੌਰਾਸ਼ਟਰ ਖੇਤਰ ਵਿਚ ਪੈਂਦੇ ਭਾਵਨਗਰ ਨਾਲ ਸਬੰਧਤ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਗੁਜਰਾਤ ਦੇ ਮੁੱਖ ਮੰਤਰੀ ਵਿਜੈ ਰੁਪਾਨੀ ਨੇ ਹਾਦਸੇ 'ਤੇ ਦੁੱਖ ਜ਼ਾਹਿਰ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਮ੍ਰਿਤਕਾਂ ਦੇ ਵਾਰਿਸਾਂ ਨੂੰ ਦੋ-ਦੋ ਲੱਖ ਰੁਪਏ ਐਕਸ-ਗ੍ਰੇਸ਼ੀਆ ਦਿੱਤਾ ਜਾਵੇਗਾ। ਮੁੱਖ ਮੰਤਰੀ ਦਫ਼ਤਰ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਕਿ ਸ੍ਰੀ ਰੁਪਾਨੀ ਨੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਢੁਕਵੀਂ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ। -



# 04ਕਿੱਲੋ 500 ਗ੍ਰਾਮ ਅਫੀਮ, 50 ਕਿਲੋ ਡੋਡੇ (ਚੂਰਾ ਪੋਸਤ)ਅਤੇ 02 ਘੋੜੇ ਟਰਾਲੇ ਸਮੇਤ 4 ਦੋਸ਼ੀ ਗ੍ਰਿਫਤਾਰ



**ਫਿਰੋਜਪੁਰ (ਅਸ਼ੋਕ ਭਾਰਦਵਾਜ)** ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਅਤੇ ਮਾਨਯੋਗ ਟੀ ਇੰਸਪੈਕਟਰ ਜਨਰਲ ਪੁਲਿਸ, ਫਿਰੋਜ਼ਪੁਰ ਰੇਂਜ ਫਿਰੋਜ਼ਪੁਰ ਕੈਂਟ ਜੀ ਵੱਲੋਂ ਜਾਰੀ ਹੁਕਮਾਂ ਮੁਤਾਬਿਕ ਮਾੜੇ ਅਨਸਰਾਂ ਅਤੇ ਹੋਰ ਸਮੱਗਲਰਾਂ ਖਿਲਾਫ ਵਿੱਢੀ ਗਈ ਵਿਸ਼ੇਸ਼ ਮੁਹਿੰਮ ਤਹਿਤ ਸੀ ਭਾਗੀਰਥ ਸਿੰਘ ਮੀਨਾ, ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਮੈਂ ਵਿਰੁੱਧ ਚਲਾਏ ਗਏ ਸਪੈਸ਼ਲ ਅਭਿਆਨ ਤਹਿਤ ਜਿਲ੍ਹਾ ਫਿਰੋਜ਼ਪੁਰ ਪੁਲਿਸ ਨੂੰ ਉਸ ਵਕਤ ਭਾਰੀ ਸਫਲਤਾ ਹਾਸਲ ਹੋਈ ਜਦੋਂ ਸ੍ਰੀ ਰਤਨ ਸਿੰਘ ਬਰਾੜ ਕਪਤਾਨ ਪੁਲਿਸ (ਇੰਨਵ) ਫਿਰੋਜ਼ਪੁਰ ਅਤੇ ਸ੍ਰੀ ਰਵਿੰਦਰਪਾਲ ਸਿੰਘ ਢਿਲੋਂ, ਉਪ ਕਪਤਾਨ ਪੁਲਿਸ ਇੰਨਵ) ਫਿਰੋਜ਼ਪੁਰ ਅਤੇ ਸ੍ਰੀ ਮਨਮੋਹਨ ਸਿੰਘ ਔਲਖ ਉਪ ਕਪਤਾਨ ਪੁਲਿਸ ਐਨ ਡੀ.ਪੀ.ਐਸ ਐਕਟ ਦੀ ਅਗਵਾਈ ਹੇਠ ਇੰਸਪੈਕਟਰ ਪਰਮਿੰਦਰ ਸਿੰਘ ਬਾਜਵਾ, ਇੰਚਾਰਜ ਐਂਟੀ ਨਾਰਕੋਟਿਕ ਸੈਲ ਫਿਰੋਜ਼ਪੁਰ ਵੱਲੋਂ ਮਿਤੀ 16-06-2021 ਨੂੰ ਰਕਬਾ ਜੀਰਾ ਹੈਡ ਟੀ ਪੁਆਇੰਟ ਦੇ ਸ਼ਾਂਦੇ ਹਾਸ਼ਮ ਨਾਕਾਬੰਦੀ ਕੀਤੀ ਹੋਈ ਸੀ ਤਾਂ ਮੁਖਬਰ ਖਾਸ ਦੀ ਇਤਲਾਹ ਮੁਤਾਬਕ ਘੋੜਾ ਪਾਲਾ ॥ ਪੀ.ਬੀ-05-ਡਬਲਯੂ-7813 ਜਿਸ ਨੂੰ ਗੁਰਜੀਤ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਤੱਲੇ ਵਾਲਾ ਚਲਾ ਰਿਹਾ ਸੀ ਅਤੇ ਕੰਡਕਟਰ ਸੀਟ ਪਰ ਬਲਵੀਰ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਕੌਲੇ ਵਾਲਾ ਮੌਲਾ ਸੀ ਅਤੇ ਦੂਸਰਾ ਘੋੜਾ ਟਰਾਲਾ ਨੰਬਰ ਪੀ.ਬੀ-05-ਏ, ਬੀ-7513 ਜਿਸ ਨੂੰ ਪ੍ਰਦੀਪ ਸਿੰਘ ਪੁੱਤਰ ਪਲਜੀਤ ਸਿੰਘ ਵਾਸੀ ਤੱਲੇ ਵਾਲਾ ਚਲਾ ਰਿਹਾ ਸੀ ਅਤੇ ਕੰਡਕਟਰ ਸੀਟ ਤੇ ਹਰਜਿੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਪਿੰਡ ਖਾਰਾ ਥਾਣਾ ਸਰਹਾਲੀ ਜਿਲਾ ਤਰਨਤਾਰਨ ਬੈਠਾ ਸੀ ਜੋ ਘੋੜਾ ਟਰਾਲਾ ਨੰਬਰ ਪੀ.ਬੀ-05-ਡਬਲਯੂ-7813 ਦੀ ਤਲਾਸ਼ੀ ਕਰਨ ਤੇ ਦੋਸ਼ੀ ਗੁਰਜੀਤ ਸਿੰਘ ਦੇ ਕਬਜੇ ਵਿੱਚੋ 02 ਕਿਲੋ ਅਫੀਮ ਪਲਾਸਟਿਕ ਦੇ ਪੈਕਟਾਂ ਵਿੱਚੋ ਅਤੇ ਸਾਈਡ ਤੇ ਬੈਠੇ ਮੁਸੱਮੀ ਬਲਵੀਰ ਸਿੰਘ ਦੇ ਕਬਜਾ ਵਿੱਚੋ 35 ਕਿਲੋ ਡੋਡੇ (ਚੂਰਾ ਪੋਸਤ ਪਲਾਸਟਿਕ ਦੇ ਤੋੜੇ ਵਿੱਚੋ ਬ੍ਰਾਮਦ ਹੋਈ। ਇਸੇ ਤਰ੍ਹਾਂ ਹੀ ਘੋੜਾ ਟਰਾਲਾ ਨੰਬਰ ਪੀ.ਬੀ-05-ਏ, ਬੀ-7513 ਦੀ ਤਲਾਸ਼ੀ ਕਰਨ ਤੇ ਡਰਾਇਵਰ ਪ੍ਰਦੀਪ ਸਿੰਘ ਦੇ ਕਬਜਾ ਵਿਚੋ 02 ਕਿਲੋ 500 ਗ੍ਰਾਮ ਅਫੀਮ ਪਲਾਸਟਿਕ ਦੇ ਪੈਕਟਾਂ ਵਿੱਚੋ ਅਤੇ ਡਰਾਇਵਰ ਦੇ ਸਾਇਡ ਤੇ ਬੈਠੇ ਮੁਸੱਮੀ ਹਰਜਿੰਦਰ ਸਿੰਘ ਦੇ ਕਬਜਾ ਵਿੱਚੋਂ 15 ਕਿਲੋਂ ਡੋਡੇ (ਚੂਰਾ ਪੋਸਤ ਪਲਾਸਟਿਕ ਦੇ ਤੋੜੇ ਵਿੱਚੋ ਬਰਾਮਦ ਹੋਇਆ। ਇਸ ਤਰ੍ਹਾਂ ਉਪਰੋਕਤ ਦੋਸ਼ੀਆਂ ਪਾਸੋਂ ਕੁੱਲ 04 ਕਿਲੋਂ 500 ਗ੍ਰਾਮ ਅਫੀਮ ਅਤੇ 50 ਕਿਲੋ ਡੋਡੇ (ਚੂਰਾ ਪੋਸਤ ਬ੍ਰਾਮਦ ਹੋਇਆ। ਦੋਸ਼ੀਆਂ ਪਾਸੋਂ ਡੂੰਘਿਆਈ ਨਾਲ ਪੁੱਛ-ਗਿੱਛ ਕਰਨ ਤੇ ਉਹਨਾਂ ਦੇ ਮੰਨਿਆ ਕਿ ਉਹ 35,000/- ਪ੍ਰਤੀ ਕਿਲੋ ਦੇ ਹਿਸਾਬ ਨਾਲ ਅਫੀਮ ਡੋਬੀ ਸ਼ਹਿਰ ਬਿਹਾਰ ਸਟੇਟ ਅਤੇ 1000/- ਪ੍ਰਤੀ ਕਿਲੋ ਦੇ ਹਿਸਾਬ ਨਾਲ ਪੋਸਤ ਝਾਰਖੰਡ ਸਟੇਟ ਦੇ ਵੱਖ-2 ਢਾਬਿਆਂ ਤੋਂ ਖਰੀਦ ਕੀਤਾ ਹੈ। ਜੋ ਉਹਨਾਂ ਨੇ ਅਫੀਮ ਅਤੇ ਪੋਸਤ ਵੱਖ-ਵੱਖ ਜਗ੍ਹਾ ਤੇ ਭਾਰੀ ਕੀਮਤ ਨਾਲ ਵੇਚਣਾ ਸੀ। ਦੋਸ਼ੀਆਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ, ਪੁੱਛ-ਗਿੱਛ ਦੋਰਾਨ ਹੋਰ ਸੁਰਾਗ ਲੱਗਣ ਦੀ ਸੰਭਾਵਨਾ ਹੈ। ਪੜਤਾਲ ਰਿਕਾਰਡ ਕਰਨ ਤੇ ਦੋਸ਼ੀਆਂ ਦੇ ਖਿਲਾਫ ਹੇਠ ਲਿਖੇ ਮੁਕੱਦਮੇਂ ਦਰਜ਼ ਹੋਣੇ ਪਾਏ ਗਏ ਹਨ

# ਕੈਨਾਲ ਕਲੋਨੀ ਵਿਖੇ 17 ਜੂਨ ਨੂੰ ਹੋਣ ਵਾਲਾ ਰੋਸ ਪ੍ਰਦਸ਼ਨ ਰੱਦ : ਕਲਾਸ ਫੋਰਥ ਯੂਨੀਅਨ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਦੀ ਕਲਾਸ ਫੋਰਥ ਗੋਰਮਿੰਟ ਇੰਪਲਾਈਜ ਯੂਨੀਅਨ ਜਿਲ੍ਹਾ ਪ੍ਰਧਾਨ ਰਾਮ ਪ੍ਰਸ਼ਾਦ, ਜਿਲ੍ਹਾ ਜਨਰਲ ਸਕੱਤਰ ਪਰਵੀਨ ਕੁਮਾਰ, ਮੁੱਖ ਸਲਾਹਕਾਰ ਰਾਮ ਅਵਤਾਰ ਅਤੇ ਮਹੇਸ਼ ਕੁਮਾਰ ਪ੍ਰਧਾਨ ਜਲ ਸਰੋਤ ਵਿਭਾਗ ਦੀ ਪ੍ਰਧਾਨਗੀ ਹੇਠ 17 ਜੂਨ 2021 ਨੂੰ ਜਲ ਸਰੋਤ ਵਿਭਾਗ ਕੈਨਾਲ ਕਲੋਨੀ ਵਿਖੇ ਸੇਵਾਦਾਰਾਂ ਦੀਆਂ ਬਦਲੀਆਂ ਕਮ-ਚੌਂਕੀਦਾਰ ਕਰਨ ਸਬੰਧੀ ਜੋ ਕੈਨਾਲ ਕਲੋਨੀ ਵਿਖੇ ਰੋਸ ਪ੍ਰਦਸ਼ਨ ਕਰਨ ਦਾ ਫ਼ੈਸਲਾ ਯੂਨੀਅਨ ਵੱਲੋਂ ਕੀਤਾ ਗਿਆ ਸੀ ਉਸ ਨੂੰ ਰੱਦ ਕੀਤਾ ਜਾਦਾ ਹੈ, ਕਿਉਂਕਿ ਕੈਨਾਲ ਕਲੋਨੀ ਵਿਖੇ ਨਿਗਰਾਨ ਇੰਜੀਨੀਅਰ ਚੌਕਸੀ ਅਤੇ ਕੁਆਲਟੀ ਐਸੋਰੇਸ ਹਲਕਾ ਫਿਰੋਜ਼ਪੁਰ ਨੇ ਸੇਵਾਦਾਰਾਂ ਦੀਆਂ ਬਦਲੀਆਂ ਕਮ-ਚੌਂਕੀਦਾਰ ਕਰਨ ਸਬੰਧੀ ਪੱਤਰ ਰੱਦ ਕਰ ਦਿੱਤਾ ਗਿਆ ਹੈ, ਜਿਸ ਕਰਕੇ ਇਹ ਰੋਸ ਪ੍ਰਦਸ਼ਨ ਦਾ ਫੈਸਲਾ ਵਾਪਸ ਲਿਆ ਗਿਆ ਹੈ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜਥੇਬੰਦੀ ਵੱਲੋ ਪਹਿਲਾ ਨਿਗਰਾਨ ਇੰਜੀਨੀਅਰ ਚੌਕਸੀ ਅਤੇ ਕੁਆਲਟੀ ਐਸੋਰੇਸ ਹਲਕਾ ਫਿਰੋਜ਼ਪੁਰ ਨੇ ਸੇਵਾਦਾਰਾਂ/ਡਾਕਰਨਰ ਦੇ ਚੌਕੀਦਾਰ ਦੀ ਡਿਊਟੀ ਕਰਨ ਦੇ ਹੁਕਮ ਦਾ ਪੱਤਰ ਮਿਤੀ 5 ਮਈ 2021 ਨੂੰ ਜਾਰੀ ਕੀਤੇ ਕੀਤਾ ਗਿਆ ਸੀ ਰੂਲਾ ਮੁਤਾਬਿਕ ਗਲਤ ਸੀ। ਉਨ੍ਹਾਂ ਕਿਹਾ ਕਲਾਸ ਫੋਰਥ ਗੋਰਮਿੰਟ ਇੰਮਪਾਈਜ਼ ਯੂਨੀਅਨ ਪੰਜਾਬ ਸਟੇਟ ਸਬ ਕਮੇਟੀ ਜਿਲ੍ਹਾ ਫਿਰੋਜ਼ਪੁਰ ਨੂੰ ਸੇਵਾਦਾਰ ਅਤੇ ਡਾਕਰਨਰ ਨੇ ਲਿਖਤੀ ਰੂਪ ਵਿਚ ਜਥੇਬੰਦੀ ਨੂੰ ਲਿਖ ਕੇ ਦਿੱਤਾ ਹੈ ਕਿ ਸਾਡੇ ਜੋ ਆਰਡਰ ਚੌਕੀਦਾਰਾਂ ਦੇ ਕੀਤੇ ਹਨ ਉਹ ਗਲਤ ਹਨ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਪੱਤਰ ਵਾਪਸ ਲੈਣ ਦਾ ਫੈਸਲਾ ਸਹੀ ਹੈ, ਉਨ੍ਹਾਂ ਕਿਹਾ ਜਥੇਬੰਦੀ ਕਿਸੇ ਵੀ ਕਲਾਸ ਫੋਰ ਕਰਮਚਾਰੀਆਂ ਨਾਲ ਧੱਕਾ ਨਹੀ ਹੋਣ ਦੇਵੇਗੀ ਅਤੇ ਉਹ ਆਪਣੇ ਹਰੇਕ ਕਲਾਸ ਫੋਰ ਕਰਮਚਾਰੀ ਨਾਲ ਮਿਲ ਕੇ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਜਿਹੜੇ ਵੀ ਕਲਾਸ ਫੋਰ ਕਰਮਚਾਰੀ ਨਾਲ ਕਿਸੇ ਵੀ ਵਿਭਾਗ ਵਿਚ ਕੋਈ ਵੀ ਪ੍ਰਸ਼ਾਨੀ ਹੈ ਤਾਂ ਉਹ ਦਿ ਕਲਾਸ ਫੋਰਥ ਗੋਰਮਿੰਟ ਇੰਪਲਾਈਜ ਯੂਨੀਅਨ ਬਰਾਂਚ ਫਿਰੋਜ਼ਪੁਰ ਨੂੰ ਲਿਖਤੀ ਸ਼ਿਕਾਇਤ ਦੇ ਸਕਦਾ ਹੈ ਅਤੇ ਉਨ੍ਹਾਂ ਦੀ ਪ੍ਰੇਸ਼ਾਨੀ ਦੀ ਹੱਲ ਯੂਨੀਅਨ ਲੈਵਲ ਤੇ ਕੀਤਾ ਜਾਵੇਗਾ।

# ਮੋਬਾਇਲ ਫੂਡਟੈਸਟਿੰਗ ਵੈਨ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਗਿਆ ਰਵਾਨਾ !

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਕਮਿਸ਼ਨਰ ਰੇਟ ਫੂਡ ਅਤੇ ਡਰੱਗਜ਼ ਐਡਮਿਨੀਸਟ੍ਰੇਸ਼ਨ ਪੰਜਾਬ ਦੇ ਆਦੇਸ਼ਾਂ ਅਨੁਸਾਰ ਅੱਜ ਮਿਤੀ 16/06/2021 ਡਾ ਰਜਿੰਦਰ ਰਾਜ, ਸਿਵਲ ਸਰਜਨ, ਫਿਰੋਜ਼ਪੁਰ, ਡੈਜੀਗਨੇਟਿਡ ਅਫਸਰ ਡਾ: ਸੱਤਪਾਲ ਭਗਤ ਜੀ ਵੱਲੋ ਮੋਬਾਇਲ ਫੂਡ ਟੈਸਟਿੰਗ ਵੈਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ ਇਸ ਮੌਕੇ ਤੇ ਆਮ ਲੋਕਾਂ ਨੂੰ ਸਾਫ ਸੁਥਰਾ ਖਾਣਪੀਣ ਲਈ ਜਾਗਰੂਕ ਕੀਤਾ ਗਿਆ ਟੈਸਟਿੰਗ ਫੂਡ ਵੈਨ ਦੁਆਰਾ ਆਮ ਜਨਤਾ ਲਈ ਖਾਣਪੀਣ ਵਾਲੀ ਵਸਤੂਆਂ ਦਾ ਮੌਕੇ ਤੇ ਹੀ 50/ ਰੁਪਏ ਵਿੱਚ ਟੈਸਟ ਕੀਤਾ ਜਾਂਦਾ ਹੈ ਅਤੇ ਜਿਸ ਦੀ ਰਿਪੋਰਟ ਵੀ ਉਸੇ ਸਮੇਂ ਹੀ ਦਿੱਤੀ ਜਾਂਦੀ ਹੈ ਕਿ ਉਸ ਵਸਤੂ ਵਿੱਚ ਕੋਈ ਮਿਲਾਵਟ ਤਾਂ ਨਹੀਂ ਕੀਤੀ ਗਈ । ਇਸ ਫੂਡ ਵੈਨ ਦਾ ਮੁੱਖ ਮਨੋਰਥ ਹੈ ਕਿ ਹਰ ਕੋਈ ਸ਼ਹਿਰੀ ਜਾਂ ਪਿੰਡ ਦੇ ਵਿਅਕਤੀ ਆਪਣੇ ਘਰ ਵਿੱਚ ਵਰਤੇ ਜਾਂਦੇ ਦੁੱਧ, ਦਹੀ, ਘਿਓ ਆਦਿ ਦਾ ਟੈਸਟ ਕਰਵਾ ਸਕਦਾ ਹੈ ਤਾਂ ਕਿ ਪੰਜਾਬ ਸਰਕਾਰ ਵੱਲੋ ਚਲਾਈ ਗਈ ਪੰਜਾਬ ਤੰਦਰੁਸਤ ਮੁਹਿਮ ਤਹਿਤ ਹਰ ਘਰ/ ਹਰ ਵਿਅਕਤੀ ਤੰਦਰੁਸਤ ਹੋ ਸਕੇ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਸਾਡਾ ਖਾਣਪੀਣ ਸਾਫਸੁਥਰਾ ਅਤੇ ਮਿਲਾਵਟ ਰਹਿਤ ਹੈ। ਜਿਸ ਮੌਕੇ ਡਾ ਮੀਨਾਕਸੀ ਅਬਰੋਲ, ਡੀ.ਆਈ.ਓ, ਹਰਵਿੰਦਰ ਸਿੰਘ, ਫੂਡ ਸੇਫਟੀ ਅਫਸਰ, ਵਿਕਾਸ ਕਾਲੜਾ, ਸਟੈਨੋ ਟੂ ਸਿਵਲ ਸਰਜਨ, ਰੰਜੀਵ ਸ਼ਰਮਾ, ਮਾਸ ਮੀਡੀਆ ਅਫਸਰ, ਸੁਖਚੈਨ ਸਿੰਘ ਸਟੈਨੋ, ਰਕੇਸ਼ ਕੁਮਾਰ ਗਿੱਲ, ਸੰਦੀਪ ਕੁਮਾਰ ਐਲ.ਟੀ, ਗੁਰਿ ਚੰਦਰ ਸਿੰਘ, ਬਲਵੀਰ ਚੰਦ, ਕੁਲਵੰਤ ਸ਼ਰਮਾ ਹਾਜਰ ਸਨ।



# ਚੰਡੀਗੜ 'ਚ ਹੁਣ ਸ਼ਾਮ 7 ਵਜੇ ਤੱਕ ਖੁੱਲਣਗੀਆਂ ਦੁਕਾਨਾਂ



**ਚੰਡੀਗੜ (ਦੀਪਕ ਸਰਮਾ)** ਚੰਡੀਗੜ ਵਿਚ ਹੁਣ ਦੁਕਾਨਾਂ ਸਵੇਰੇ 10 ਤੋਂ ਸ਼ਾਮ 7 ਵਜੇ ਤੱਕ ਖੁੱਲੀਆਂ ਰਹਿਣਗੀਆਂ। ਇਸਦੇ ਨਾਲ ਹੀ ਸ਼ਹਿਰ ਦੇ ਰੈਸਟੋਰੈਂਟ/ਬਾਰ ਸਵੇਰੇ 10 ਤੋਂ ਰਾਤ 10 ਵਜੇ ਤੱਕ ਖੋਲੇ ਜਾ ਸਕਣਗੇ। ਸ਼ਹਿਰ ਵਿਚ ਕੋਰੋਨਾ ਮਰੀਜਾਂ ਦੀ ਗਿਣਤੀ ਲਗਾਤਾਰ ਘੱਟ ਹੋਣ ਤੋਂ ਬਾਅਦ ਚੰਡੀਗੜ ਪ੍ਰਸ਼ਾਸਨ ਨੇ ਇਹ ਫੈਸਲੇ ਮੰਗਲਵਾਰ ਨੂੰ ਹੋਈ ਵਾਰ ਰੂਮ ਮੀਟਿੰਗ ਦੌਰਾਨ ਲਏ। ਚੰਡੀਗੜ ਦੇ ਪ੍ਰਸ਼ਾਸਕ ਵੀ. ਪੀ. ਸਿੰਘ ਬਦਨੌਰ ਦੀ ਪ੍ਰਧਾਨਗੀ ਵਿਚ ਹੋਈ ਇਸ ਮੀਟਿੰਗ ਦੌਰਾਨ ਦੁਕਾਨਦਾਰਾਂ ਅਤੇ ਰੈਸਟੋਰੈਂਟ ਮਾਲਕਾਂ ਨੂੰ ਇਹ ਵੀ ਅਪੀਲ ਕੀਤੀ ਗਈ ਕਿ ਕੋਵਿਡ ਪ੍ਰੋਟੋਕਾਲ ਦਾ ਪੂਰਾ ਪਾਲਣ ਕੀਤਾ ਜਾਵੇ। ਨਾਈਟ ਕਰਫਿਊ ਵਿਚ ਵੀ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਥੋੜੀ ਰਾਹਤ ਦਿੱਤੀ ਗਈ ਹੈ। ਹੁਣ ਨਾਈਟ ਕਰਫਿਊ ਰਾਤ 10.30 ਤੋਂ ਸਵੇਰੇ 5 ਵਜੇ ਤੱਕ ਰਹੇਗਾ। ਇਹ ਸਾਰੇ ਫੈਸਲੇ ਬੁੱਧਵਾਰ ਸਵੇਰੇ 6 ਵਜੇ ਤੋਂ ਲਾਗੂ ਹੋਣਗੇ। ਐਤਵਾਰ ਲਾਕਡਾਊਨ ਰਹੇਗਾ ਜਾਂ ਨਹੀਂ, ਇਸ ਸਬੰਧੀ ਮੀਟਿੰਗ ਵਿਚ ਕੋਈ ਫੈਸਲਾ ਨਹੀਂ ਹੋ ਸਕਿਆ। ਦੱਸਿਆ ਗਿਆ ਕਿ ਲਾਕਡਾਊਨ ਸਬੰਧੀ ਵੱਖਰੇ ਤੌਰ 'ਤੇ ਮੀਟਿੰਗ ਵਿਚ ਫੈਸਲਾ ਲਿਆ ਜਾਵੇਗਾ। ਉੱਥੇ ਹੀ ਮਾਨਸੂਨ ਸੀਜਨ ਲਈ ਪ੍ਰਸ਼ਾਸਕ ਨੇ ਇੰਜੀਨੀਅਰਿੰਗ ਅਤੇ ਸਿਹਤ ਵਿਭਾਗ ਨੂੰ ਤਿਆਰ ਰਹਿਣ ਲਈ ਕਿਹਾ ਹੈ। ਪੀ. ਜੀ. ਆਈ. ਡਾਇਰੈਕਟਰ ਡਾ. ਜਗਤਰਾਮ ਨੇ ਦੱਸਿਆ ਕਿ ਪੀ. ਜੀ. ਆਈ. ਵਿਚ ਇਸ ਸਮੇਂ ਕੋਵਿਡ ਦੇ 122 ਮਾਮਲੇ ਹਨ। ਇਨਾਂ ਵਿਚੋਂ 17 ਚੰਡੀਗੜ, 66 ਪੰਜਾਬ, 25 ਹਰਿਆਣਾ, 8 ਹਿਮਾਚਲ ਪ੍ਰਦੇਸ਼ ਅਤੇ 6 ਮਾਮਲੇ ਹੋਰ ਸੂਬਿਆਂ ਦੇ ਹਨ। 7555 ਸੈਂਪਲਾਂ ਵਿਚੋਂ ਪਾਜ਼ੇਟਿਵਿਟੀ ਦਰ 1.9 ਫ਼ੀਸਦੀ ਰਹੀ। ਪਿਛਲੇ ਦੋ ਤੋਂ ਤਿੰਨ ਦਿਨਾਂ ਅੰਦਰ ਬਲੈਕ ਫੰਗਸ ਦੇ ਰੋਜ਼ਾਨਾ 5 ਤੋਂ 6 ਮਾਮਲੇ ਆ ਰਹੇ ਹਨ। ਪਹਿਲਾਂ ਰੋਜ਼ਾਨਾ 15 ਮਾਮਲੇ ਦਰਜ ਕੀਤੇ ਜਾ ਰਹੇ ਸਨ। ਮੌਜੂਦਾ ਸਮੇਂ ਵਿਚ ਪੀ. ਜੀ. ਆਈ. ਵਿਚ 36 ਮਰੀਜ਼ਾਂ ਦਾ ਇਲਾਜ ਚੱਲ ਰਿਹਾ ਹੈ। ਜੀ. ਐੱਮ. ਸੀ. ਐੱਚ.-32 ਦੀ ਡਾਇਰੈਕਟਰ ਪ੍ਰਿੰਸੀਪਲ ਡਾ. ਜਸਬਿੰਦਰ ਕੌਰ ਨੇ ਦੱਸਿਆ ਕਿ ਹੁਣ ਤੱਕ 5347 ਕੋਵਿਡ ਸੈਂਪਲ ਲਏ ਗਏ, ਜਿਸ ਦੀ ਪਾਜ਼ੇਟਿਵਿਟੀ ਦਰ 1 ਫ਼ੀਸਦੀ ਰਹੀ। ਜੀ. ਐੱਮ. ਸੀ. ਐੱਚ. ਵਿਚ ਬਲੈਕ ਫੰਗਸ ਦੇ 43 ਮਾਮਲੇ ਆਏ ਹਨ। ਇਨਾਂ ਵਿਚੋਂ 9 ਮਰੀਜ਼ ਕੋਰੋਨਾ ਇਨਫੈਕਟਿਡ ਵੀ ਪਾਏ ਗਏ ਹਨ। ਡਾਇਰੈਕਟਰ ਹੈਲਥ ਸਰਵਿਸਿਜ ਡਾ. ਅਮਨਦੀਪ ਕੰਗ ਨੇ ਦੱਸਿਆ ਕਿ ਅਸੀਂ 15,240 ਕੋਵਿਡ ਸੈਂਪਲ ਲਏ ਹਨ, ਜਿਸਦੀ ਪਾਜ਼ੇਟਿਵਿਟੀ ਦਰ 2.9 ਫ਼ੀਸਦੀ ਰਹੀ। ਓਵਰਆਲ ਰਿਕਵਰੀ ਦਰ 97.7 ਫ਼ੀਸਦੀ ਹੈ, ਜਦੋਂਕਿ ਮੌਤ ਦਰ 1.3 ਫ਼ੀਸਦੀ ਦਰਜ ਕੀਤੀ ਗਈ ਹੈ। ਚੰਡੀਗੜ ਵਿਚ ਹੁਣ ਤਕ 4,11,789 ਲੋਕਾਂ ਨੂੰ ਵੈਕਸੀਨ ਲਾਈ ਜਾ ਚੁੱਕੀ ਹੈ। ਰੋਜ਼ਾਨਾ 6000 ਲੋਕਾਂ ਨੂੰ ਵੈਕਸੀਨ ਲਾਈ ਜਾ ਰਹੀ ਹੈ।

# ਪੰਜਾਬ ਨਰਸਿੰਗ ਕਾਲਜ ਐਸੋਸੀਏਸ਼ਨ ਵੱਲੋਂ ਜ਼ਿਲਾ ਫ਼ਰੀਦਕੋਟ ਅਤੇ ਮੁਕਤਸਰ ਦੇ ਪ੍ਰਧਾਨ ਨਿਯੁਕਤ

**ਕੋਟਕਪੂਰਾ।** ਸ਼੍ਰੀ ਮੁਕਤਸਰ ਸਾਹਿਬ ਅਤੇ ਫਰੀਦਕੋਟ ਜਿਲਿਆਂ ਦੇ ਨਰਸਿੰਗ ਕਾਲਜਾਂ ਦੇ ਮੁਖੀਆਂ ਅਰਥਾਤ ਪ੍ਰਬੰਧਕਾਂ ਦੀ ਪੰਜਾਬ ਨਰਸਿੰਗ ਕਾਲਜ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਦੀ ਅਗਵਾਈ ਹੇਠ ਸਥਾਨਕ ਬਾਬਾ ਫ਼ਰੀਦ ਕਾਲਜ ਆਫ ਨਰਸਿੰਗ ਵਿਖੇ ਹੋਈ ਮੀਟਿੰਗ ਦੌਰਾਨ ਕਾਲਜ ਪ੍ਰਬੰਧਕਾਂ ਨੂੰ ਆ ਰਹੀਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਨਰਸਿੰਗ ਕਾਲਜਾਂ ਦੇ ਪ੍ਰਬੰਧਕਾਂ ਨੂੰ ਡਾ ਢਿੱਲੋਂ ਨੇ ਦੱਸਿਆ ਕਿ ਉਹ ਇਸ ਸਬੰਧੀ ਕੈਬਨਿਟ ਮੰਤਰੀ ਓ.ਪੀ. ਸੋਨੀ ਦੇ ਧਿਆਨ ਵਿੱਚ ਲਿਆ ਕੇ ਚੁੱਕੇ ਹਨ ਕਿ ਇਸ ਸਮੇਂ ਨਰਸਿੰਗ ਕਾਲਜਾਂ ਨੂੰ ਆ ਰਹੀਆਂ ਮੁਸ਼ਕਿਲਾਂ ਦੂਰ ਕਰਨ ਦੀ ਤੁਰਤ ਲੋੜ ਹੈ। ਉਨਾ ਦੱਸਿਆ ਕਿ ਪਿਛਲੇ ਦਿਨੀਂ ਪੰਜਾਬ ਭਰ ਦੇ ਟੈਕਨੀਕਲ ਅਤੇ ਨਰਸਿੰਗ ਕਾਲਜਾਂ ਸਮੇਤ ਯੂਨੀਵਰਸਿਟੀਆਂ ਅਤੇ ਸਕੂਲ ਮਾਲਕਾਂ ਵੱਲੋਂ ਗਠਿਤ ਕੀਤੀ ਗਈ ਜਥੇਬੰਦੀ ਜੁਆਂਇੰਟ ਐਸੋਸੀਏਸ਼ਨ ਆਫ ਕਾਲਜਿਜ ਪੰਜਾਬ (ਜੈਕ) ਦੀ ਵੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਮੁੱਦੇ ਨੂੰ ਲੈ ਕੇ ਚੰਡੀਗੜ ਵਿਖੇ ਮੀਟਿੰਗ ਹੋ ਚੁੱਕੀ ਹੈ। ਇਸ ਲਈ ਨਰਸਿੰਗ ਕਾਲਜਾਂ ਦੀ ਐਸੋਸੀਏਸ਼ਨ ਅਤੇ 'ਜੈਕ' ਵੱਲੋਂ ਸਾਂਝੇ ਤੌਰ 'ਤੇ ਸਕਾਲਰਸ਼ਿਪ ਵਾਲੀ ਬਕਾਇਆ ਰਕਮ ਕਾਲਜਾਂ ਨੂੰ ਦਿਵਾਉਣ ਦੇ ਯਤਨ ਜਾਰੀ ਹਨ। ਇਸ ਮੌਕੇ ਸਰਬਸੰਮਤੀ ਨਾਲ ਆਦੇਸ਼ ਨਰਸਿੰਗ ਕਾਲਜ ਦੇ ਚੇਅਰਮੈਨ ਜਨਜੀਤਪਾਲ ਸਿੰਘ ਜੋਤੀ ਸੇਖੋਂ ਨੂੰ ਸ਼੍ਰੀ ਮੁਕਤਸਰ ਸਾਹਿਬ ਜਿਲੇ ਦਾ ਪ੍ਰਧਾਨ, ਦਸਮੇਸ਼ ਨਰਸਿੰਗ ਕਾਲਜ ਫਰੀਦਕੋਟ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਡਾ ਗੁਰਸੇਵਕ ਸਿੰਘ ਨੂੰ ਜਿਲਾ ਫਰੀਦਕੋਟ ਦਾ ਪ੍ਰਧਾਨ ਅਤੇ ਸ਼ੇਖ ਫਰੀਦ ਨਰਸਿੰਗ ਸਕੂਲ ਕੋਟਕਪੂਰਾ ਦੇ ਚੇਅਰਮੈਨ ਲਵਪ੍ਰੀਤ ਸਿੰਘ ਸੰਧੂ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ।




# ਪਿੰਡ ਦਿਆਲਪੁਰ ਵਿਖੇ ਨੇਕੀ ਦੀ ਦੁਕਾਨ ਦੇ ਸਹਿਯੋਗ ਨਾਲ ਬੂਟੇ ਲਗਾਏ ਗਏ

## ਨੇਕੀ ਦੀ ਦੁਕਾਨ ਵੱਲੋਂ ਵਾਤਾਵਰਣ ਪ੍ਰੇਮੀਆਂ ਨੂੰ ਵੰਡੇ ਸਰਟੀਫਿਕੇਟ

ਕਰਤਾਰਪੁਰ (ਜਸਵੰਤ ਵਰਮ,ਦਿਨੇਸ਼ ਕੁਮਾਰ ) ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਚਲਾਈ ਜਾ ਰਹੀ ਲਹਿਰ " ਪੌਦੇ ਲਗਾਓ , ਵਾਤਾਵਰਨ ਬਚਾਓ " ਨੂੰ ਅੱਗੇ ਤੋਰਦਿਆਂ ਅੱਜ ਨਵਾਂ ਪਿੰਡ ਦਿਆਲਪੁਰ (ਕਪੂਰਥਲਾ) ਅਤੇ ਪਿੰਡ ਦਿਆਲਪੁਰ (ਜਲੰਧਰ) ਵਿਖੇ ਪਿੰਡਾਂ ਦੀ ਪੰਚਾਇਤਾਂ ਅਤੇ ਪੱਤਰਕਾਰ ਭਾਈਚਾਰੇ ਨਾਲ ਮਿਲ ਕੇ ਫਲਦਾਰ ਅਤੇ ਛਾਂਦਾਰ ਪੌਦੇ ਲਗਾਏ ਗਏ। ਇਸ ਮੌਕੇ ਸੰਸਥਾ ਦੇ ਮਾਸਟਰ ਅਮਰੀਕ ਸਿੰਘ ਨੇ ਵਾਤਾਵਰਨ ਪ੍ਰਤੀ ਅਖਬਾਰਾਂ ਰਾਹੀਂ ਲੋਕਾਂ ਨੂੰ ਜਾਗਰੂਕ ਕਰਦਿਆਂ ਇਸ ਮੁਹਿੰਮ ਨੂੰ ਭਰਵਾਂ ਹੁਲਾਰਾ ਦੇਣ ਲਈ ਜਿੱਥੇ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕੀਤਾ ਉੱਥੇ ਹੀ ਪਿੰਡਾ ਦੀਆਂ ਪੰਚਾਇਤਾਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਸਰਪੰਚਾ, ਪੰਚਾ ਦਾ ਧੰਨਵਾਦ ਕੀਤਾ। ਇਸ ਮੌਕੇ ਪੱਤਰਕਾਰ ਸ਼੍ਰੀ ਰਾਕੇਸ਼ ਪੁੰਜ, ਹਰਮੇਸ਼ ਦੱਤ, ਸੁਰਿੰਦਰ ਸਿੰਘ ਪੱਡਾ, ਸੁਖਵਿੰਦਰ ਸੋਹੀ, ਅਰੁਣ ਸ਼ਰਮਾ, ਜਸਵੰਤ ਵਰਮਾ ਤੋਂ ਇਲਾਵਾ ਰਾਜਵਿੰਦਰ ਕੌਰ ( ਸਰਪੰਚ ਨਵਾਂ ਪਿੰਡ ਦਿਆਲਪੁਰ),ਸ ਹਰਜਿੰਦਰ ਸਿੰਘ ਰਾਜਾ ( ਸਰਪੰਚ ਦਿਆਲਪੁਰ) , ਨਵੀਨ ਮਰਵਾਹਾ (ਮੈਂਬਰ ਪੰਚਾਇਤ), ਮੇਲਿਆਂ ਦੇ ਬਾਦਸ਼ਾਹ ਦਲਵਿੰਦਰ ਦਿਆਲਪੁਰੀ ,ਸਮਾਜਸੇਵੀ ਸ ਸੁਖਦੇਵ ਸਿੰਘ , ਅਸ਼ਵਨੀ ਸੇਠ (ਮੈਂਬਰ ਪੰਚਾਇਤ) , ਜਗੀਰ ਸਿੰਘ, ਜਗਜੀਤ ਸਿੰਘ, ਨਿਸ਼ਾਂਤ ਵਰਮਾ,ਆਦਿ ਹਾਜ਼ਰ ਸਨ। ਪੌਦੇ ਲਗਾ ਕੇ ਪੌਦਿਆਂ ਨੂੰ ਸੰਭਾਲਣ ਦੀ ਜਿੰਮੇਵਾਰੀ ਦਾ ਵਿਸ਼ਵਾਸ ਸਾਰਿਆਂ ਵੱਲੋਂ ਦਿਵਾਇਆ ਗਿਆ।



ਇਸ ਮੌਕੇ ਵਾਤਾਵਰਨ ਸ਼ੁਧਤਾ ਵਿੱਚ ਆਪਣਾ ਹਿੱਸਾ ਪਾਉਣ ਅਤੇ ਪੌਦੇ ਲਗਾਉਣ ਤੇ ਸੰਸਥਾ ਵੱਲੋਂ ਵਾਤਾਵਰਨ ਪ੍ਰੇਮੀਆਂ ਨੂੰ ਸਰਟੀਫਿਕੇਟ ਨਾਲ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

# ਗਿਆਨੀ ਮਾਨ ਸਿੰਘ ਨੂੰ ਆਪਣੇ ਨਾਲ ਹੋਏ ਕਥਿਤ ਧੱਕੇ ਬਾਰੇ ਸੰਗਤ ਜਾਂ ਮੀਡੀਆ ਨੂੰ ਖੁੱਲ ਕੇ ਦੱਸਣ ਦੀ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਦਿਤੀ ਚੁਨੌਤੀ

ਅੰਮ੍ਰਿਤਸਰ (ਕੁਲਵੰਤ ਸਿੰਘ ਵਿਰਦੀ) ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਦੀ ਪਦਵੀ ਤੋਂ ਅਸਤੀਫ਼ਾ ਦੇ ਚੁੱਕੇ ਗਿਆਨੀ ਮਾਨ ਸਿੰਘ ਨੂੰ ਆਪਣੇ ਨਾਲ ਹੋਏ ਕਥਿਤ ਧੱਕੇ ਬਾਰੇ ਸੰਗਤ ਜਾਂ ਮੀਡੀਆ ਨੂੰ ਖੁੱਲ ਕੇ ਦੱਸਣ ਦੀ ਚੁਨੌਤੀ ਦਿੰਦਿਆਂ ਫੈਡਰੇਸ਼ਨ ਆਗੂ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਵਿਵਾਦ ਕਿਸੇ ਦੀ ਸਾਜ਼ਿਸ਼ ਹੈ ਤਾਂ ਉਸ ਦੀ ਸਾਰੀ ਹਕੀਕਤ ਸੰਗਤ ਸਾਹਮਣੇ ਆਉਣੀ ਚਾਹੀਦੀ ਹੈ। ਪ੍ਰੋ: ਸਰਚਾਂਦ ਸਿੰਘ ਵਲੋਂ ਸੋਸ਼ਲ ਮੀਡੀਆ ਫੇਸਬੁਕ 'ਤੇ ਪਾਈ ਗਈ ਪੋਸਟ 'ਚ ਉਨਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਦੀ ਪਦਵੀ ਸਿੱਖ ਕੌਮ ਅੰਦਰ ਸਰਵੋ-ਤਮ ਪਦਵੀ ਹੈ। ਗਿਆਨੀ ਮਾਨ ਸਿੰਘ ਜੀ ਦੇ ਅਸਤੀਫ਼ੇ ਵਾਲੇ ਵਰਤਾਰੇ ਤੋਂ ਬਾਅਦ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਜੋ ਕੁਝ ਪਰੋਸਿਆ ਜਾ ਰਿਹਾ ਹੈ, ਉਹ ਬਹੁਤ ਹੀ ਮੰਦਭਾਗਾ ਹੈ। ਗਿਆਨੀ ਮਾਨ ਸਿੰਘ ਜੀ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਅਸਤੀਫ਼ੇ ਪਿੱਛੇ ਕੋਈ ਡੂੰਘੀ ਸਾਜ਼ਿਸ਼ ਲਗ ਰਹੀ ਹੈ। ਜੇ ਉਹ ਬੇਕਸੂਰ ਹੈ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਰਾਹੀਂ ਕਿਸੇ ਦੇ ਦਬਾਅ ਅਧੀਨ ਉਸ ਨਾਲ ਧੱਕਾ ਹੋਇਆ ਹੈ ਤਾਂ ਉਸ ਬਾਰੇ ਗਿਆਨੀ ਮਾਨ ਸਿੰਘ ਰੂਪੋਸ਼ ਹੋਣ ਦੀ ਥਾਂ ਖੁੱਲ ਕੇ ਦੱਸਣ । ਉਨ੍ਹਾਂ ਕਿਹਾ ਕਿ ਗਿਆਨੀ ਮਾਨ ਸਿੰਘ ਨਾਲ ਧੱਕਾ ਹੋਇਆ ਤਾਂ ਉਸ ਨੂੰ ਗੁਰਦੁਆਰਾ ਐਕਟ ਦੀ ਧਾਰਾ 134 ਤੇ 135 ਤਹਿਤ ਇਹ ਹੱਕ ਹਾਸਲ ਹੈ ਕਿ ਉਹ ਆਪਣੀ ਬੇਗੁਨਾਹੀ ਬੋਰਡ ਜਾਂ ਅਦਾਲਤ ਸਾਹਮਣੇ ਰੱਖ ਸਕਦਾ ਹੈ। ਪਰ ਪਤਾ ਨਹੀਂ ਉਹ ਇਸ ਹੱਕ ਦਾ ਇਸਤੇਮਾਲ ਕਿਉਂ ਨਹੀਂ ਕਰ ਰਿਹਾ? ਇਸੇ ਤਾਂ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸ੍ਰੀ ਦਰਬਾਰ ਸਾਹਿਬ ਦੇ ਕਿਸੇ ਵੀ ਗ੍ਰੰਥੀ ਸਿੰਘ 'ਵਜ਼ੀਰ ਸਾਹਿਬ' ਦਾ ਅਸਤੀਫ਼ਾ ਕਬੂਲ ਕਰਨ ਤੋਂ ਪਹਿਲਾਂ ਉਸ ਬਾਬਤ ਅੰਤ੍ਰਿਗ ਕਮੇਟੀ ਵਿਚ ਵਿਚਾਰਿਆ ਜਾਣਾ ਬਣਦਾ ਸੀ। ਇਹ ਕੋਈ ਆਮ ਅਹੁਦਾ ਨਹੀਂ , ਇਸ 'ਤੇ ਨਿਯੁਕਤ ਕਰਨ ਅਤੇ ਉਨ੍ਹਾਂ ਦੀ ਛੁੱਟੀ ਜਾਂ ਅਸਤੀਫ਼ਾ ਪ੍ਰਵਾਨ ਕਰਨ ਦੇ ਵੀ ਕੁਝ ਖ਼ਾਸ ਨਿਯਮ ਹਨ। ਜਾਂ ਫਿਰ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਕੁਝ ਤੱਥ ਸੰਗਤ ਤੋਂ ਲੁਕੋਏ ਜਾ ਰਹੇ ਹਨ? ਉਨ੍ਹਾਂ ਕਿਹਾ ਕਿ ਜੇ ਗਿਆਨੀ ਮਾਨ ਸਿੰਘ ਨੇ ਸਿਹਤ ਠੀਕ ਨਾ ਹੋਣ ਕਾਰਨ ਅਸਤੀਫ਼ਾ ਦਿੱਤਾ ਹੈ ਤਾਂ ਇਹ ਬਹਾਨਾ ਬਹੁਤਿਆਂ ਲਈ ਗਲੇ 'ਚੋਂ ਉਤਾਰਨਾ ਔਖਾ ਹੈ ਕਿਉਂਕਿ ਸਿਹਤ ਠੀਕ ਨਾ ਹੋਣ 'ਤੇ ਲੰਮੀ ਮੈਡੀਕਲ ਛੁੱਟੀ ਲਈ ਜਾ ਸਕਦੀ ਸੀ, ਸ਼ਾਇਦ ਲਈ ਵੀ? ਪਰ ਕਿਸੇ ਜਲਦਬਾਜ਼ੀ ਦੀ ਬਿਲਕੁਲ ਲੋੜ ਨਹੀਂ ਸੀ। ਉਨ੍ਹਾਂ ਕਿਹਾ ਕਿ ਜੇ ਅੱਜ ਤੁਸੀਂ (ਗਿਆਨੀ ਜੀ) ਕਿਸੇ ਮਾਨਸਿਕ ਦਬਾਅ ਅਧੀਨ ਬਿਮਾਰ ਹੋ ਤਾਂ ਮੈ ਤੁਹਾਡੀ ਸਿਹਤਯਾਬੀ ਦੀ ਕਾਮਨਾ ਕਰਦਾ ਹਾਂ ਅਤੇ ਗੁਰੂ ਸਾਹਿਬ ਅੱਗੇ ਅਰਦਾਸ ਕਰਦਾ ਹਾਂ। ਉਨ੍ਹਾਂ ਅੱਗੇ ਕਿਹਾ ਕਿ ਬਹੁਤ ਅਹਿਮ ਗਲ ਤਾਂ ਇਹ ਹੈ ਕਿ ਇਹ ਮਾਮਲਾ ਕੇਵਲ ਗਿਆਨੀ ਮਾਨ ਸਿੰਘ ਦੇ ਨਿੱਜੀ ਜੀਵਨ ਦਾ ਨਹੀਂ ਸਗੋਂ ਸ੍ਰੀ ਦਰਬਾਰ ਸਾਹਿਬ ਦੇ ਇਕ ਗ੍ਰੰਥੀ ਸਿੰਘ ਦਾ ਹੋਣ ਨਾਤੇ ਸ੍ਰੀ ਦਰਬਾਰ ਸਾਹਿਬ ਦੀ ਆਨ ਸ਼ਾਨ, ਸਿੱਖੀ ਸਿਧਾਂਤਾਂ ਤੇ ਮਰਯਾਦਾ ਦਾ ਹੈ। ਕੁਝ ਅਖ਼ਬਾਰਾਂ 'ਚ ਗਿਆਨੀ ਮਾਨ ਸਿੰਘ ਸੰਬੰਧੀ ਸਿੱਖੀ ਮਾਣ ਮਰਯਾਦਾ ਨੂੰ ਢਾਹ ਲਾਉਣ ਵਾਲਾ ਲਿਖਿਆ ਛਾਪਿਆ ਜਾ ਰਿਹਾ ਹੈ। ਅਖ਼ਬਾਰਾਂ ਦਾ ਗੰਭੀਰ ਦੋਸ਼ਾਂ ਦਾ ਦਾਅਵਾ ਝੂਠ ਦਾ ਪੁਲੰਦਾ ਹੈ ਤਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਉਕਤ ਕੂੜ ਪ੍ਰਚਾਰ ਖ਼ਿਲਾਫ਼ ਕਾਨੂੰਨੀ ਕਾਰਵਾਈ ਕਿਉਂ ਨਹੀਂ ਕਰ ਰਹੀ ਜਾਂ ਫਿਰ ਘੱਟੋ ਘਟ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਖ਼ਿਲਾਫ਼ ਕੂੜ ਪ੍ਰਚਾਰ ਲਈ ਕੁਝ ਤਾੜਨਾ ਹੀ ਕਰ ਦਿੰਦੀ। ਪਰ ਅਫ਼ਸੋਸ ਕਿ ਕਿਸੇ ਵੀ ਸਿੱਖ ਨੂੰ ਪਈ ਕੁੱਟ ਦਾ ਵੀ ਸਖ਼ਤ ਨੋਟਿਸ ਲੈਣ ਵਾਲੇ ਪ੍ਰਧਾਨ ਜੀ ਵੱਲੋਂ ਸਿੱਖ ਕੌਮ ਦੀ ਸਰਵੋਤਮ ਅਹੁਦੇ 'ਤੇ ਬਿਰਾਜਮਾਨ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ 'ਤੇ ਹੋ ਰਹੇ ਨੈਤਿਕ ਹਮਲੇ ਜਾਂ ਕਿਰਦਾਰਕੁਸ਼ੀ ਬਾਰੇ ਛੋਟਾ ਮੋਟਾ ਖੰਘੂਰਾ ਵੀ ਨਹੀਂ ਮਾਰਿਆ ਗਿਆ। ਬਲਕਿ ਅਜਿਹਾ ਕੀਤਾ ਜਾਣਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਪ੍ਰਥਮ ਜ਼ੰਮਿਵਾਰੀ ਸੀ। ਉਨ੍ਹਾਂ ਕਿਹਾ ਕਿ ਅਫ਼ਵਾਹਾਂ ਅਨੁਸਾਰ ਜੇ ਗਿਆਨੀ ਮਾਨ ਸਿੰਘ ਦੇ ਕਿਰਦਾਰ 'ਚ ਰਹਿਤ ਪੱਖੋਂ ਕੋਈ ਢਿਲਿਆਈ ਆਈ ਤਾਂ ਬੇਸ਼ੱਕ ਆਪਣੇ ਅਹੁਦੇ ਤੋਂ ਹੱਥ ਧੋ ਬੈਠਣ ਦੇ ਬਾਵਜੂਦ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਵਿਧੀਵਤ ਅਰਦਾਸ ਬੇਨਤੀ ਅਤੇ ਪਸ਼ਚਾਤਾਪ ਕਰਦਿਆਂ ਗੁਰੂਘਰ ਨਾਲ ਜੁੜਿਆ ਰਹਿ ਸਕਦਾ ਹੈ, ਗੁਰੂ ਸਾਹਿਬ ਤੇ ਗੁਰੂ ਪੰਥ ਬਖ਼ਸ਼ਣਹਾਰ ਹਨ। ਉਨ੍ਹਾਂ ਕਿਹਾ ਕਿ ਜਿਸ ਪੰਥ ਦਾ ਇਤਿਹਾਸ ਹੀ ਸੱਚ ਅਤੇ ਇਨਸਾਫ਼ ਲਈ ਜੂਝਣ ਦਾ ਰਿਹਾ ਹੋਵੇ, ਉੱਥੇ ਇਸ ਮਾਮਲੇ ਬਾਰੇ ਸੱਚ ਨੂੰ ਬਾਹਰ ਨਾ ਲਿਆਉਣਾ ਵੀ ਪੰਥ ਦੇ ਹਿਤ 'ਚ ਨਹੀਂ ਹੋਵੇਗਾ। ਇਸ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਸੱਚ ਉਜਾਗਰ ਕਰ ਕੇ ਪੰਥ ਦੀ ਨਿਗ੍ਹਾ ਚ ਸੁਰਖ਼ਰੂ ਹੋ ਜਾਣਾ ਚਾਹੀਦਾ।



# ਵਾਲਮੀਕਿ ਭਾਈਚਾਰੇ ਵੱਲੋਂ ਸ਼ੋਮਣੀ ਅਕਾਲੀ ਦਲ ਦੇ ਵਾਇਸ ਪ੍ਰਧਾਨ ਬਨਣ ਤੇ ਚੰਦਨ ਗਰੇਵਾਲ ਸਨਮਾਨਿਤ

**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ)** ਵਾਲਮੀਕਿ ਸਮਾਜ ਦੇ ਸਿਰਮੌਰ ਆਗੂ ਚੰਦਨ ਗਰੇਵਾਲ ਜੀ ਨੂੰ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੇ ਮੁੜ ਤੋਂ ਵਾਇਸ ਪ੍ਰਧਾਨ ਬਨਾਉਣ ਦੀ ਖੁਸ਼ੀ ਵਜੋਂ ਕਰਤਾਰਪੁਰ ਸ਼ਹਿਰ ਦੇ ਸਮੁੱਚੇ ਵਾਲਮੀਕਿ ਭਾਈਚਾਰੇ ਵੱਲੋਂ ਸਥਾਨਕ ਹੋਟਲ ਵਿਖੇ ਸਨਮਾਨਿਤ ਕੀਤਾ ਗਿਆ। ਅਪਣੇ ਸੰਬੋਧਨ ਵਿੱਚ ਜਿਥੇ ਉਹਨਾਂ ਇਸ ਨਿਯੁਕਤੀ ਲਈ ਪਾਰਟੀ ਹਾਈਕਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਉਥੇ ਹੀ ਪਾਰਟੀ ਲਈ ਹੋਰ ਲਗਨ ਅਤੇ ਮਿਹਨਤ ਨਾਲ ਕੰਮ ਕਰਨ ਦੀ ਗੱਲ ਕੀਤੀ ਅਤੇ ਸਮਾਜ ਨੂੰ ਪਾਰਟੀ ਦੀ ਵਿਚਾਰਧਾਰਾ ਨਾਲ ਜੋੜਨ ਦੀ ਪੂਰੀ ਕੋਸ਼ਿਸ਼ ਕਰਨਗੇ। ਅਕਾਲੀ ਦਲ-ਬਸਪਾ ਦੇ ਗਠਜੋੜ ਨੂੰ 2022 ਦੀਆਂ ਚੋਣਾਂ ਲਈ ਸ਼ੁਭ ਸੰਕੇਤ ਦਸਿਆ। ਇਸ ਮੌਕੇ ਉਨ੍ਹਾਂ ਨੂੰ ਸਨਮਾਨਿਤ ਕਰਨ ਵਾਲਿਆਂ 'ਚ ਉੱਘੇ ਦਲਿਤ ਆਗੂ ਵਿਪਨ ਥਾਪਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਐਸ.ਸੀ. ਵਿੰਗ) ਕਰਤਾਰਪੁਰ ਸਹਿਰੀ ਅਤੇ ਹੋਰ ਹਾਜਰ ਸਨ।



# ਸਿੰਗਾਪੁਰ ਭੇਜਣ ਦੇ ਨਾਂ ਉੱਤੇ ਦੋ ਨੌਜਵਾਨਾਂ ਨਾਲ 5.60 ਲੱਖ ਦੀ ਠੱਗੀ

**ਜਲੰਧਰ।** ਪੰਜਾਬ ਮੈਡੀਕਲ ਇੰਸਟੀਚਿਊਟ (ਪਿਮਸ) ਹਸਪਤਾਲ ਦੇ ਮੂਹਰੇਮਾਰਕੀਟ ਵਿੱਚ ਪ੍ਰਫੈਕਟ ਇਮੀਗ੍ਰੇਸ਼ਨ ਦੇ ਏਜੰਟਦੇ ਵਿਰੁੱਧ ਪੁਲਸ ਨੇ 5.60 ਲੱਖ ਰੁਪਏ ਦੀ ਧੋਖਾਧੜੀ ਕਰਨ ਦਾ ਕੇਸ ਦਰਜ ਕੀਤਾ ਹੈ। ਇਮੀਗ੍ਰੇਸ਼ਨ ਦੇ ਮਾਲਕ ਨੇ ਦੋ ਚਾਚੇ ਦੇ ਪੁੱਤ ਭਰਾਵਾਂ ਨੂੰ ਸਿੰਗਾ-ਪੁਰ ਭੇਜਣ ਦੇ ਨਾਂ ਉੱਤੇ ਇਹ ਫਰਾਡ ਕੀਤਾ ਅਤੇ ਸਟੱਡੀ ਵੀਜ਼ਾ ਅਤੇ ਵਰਕ ਪਰਮਿਟ ਦਿਵਾਉਣ ਦੇ ਲਾਰੇ ਨਾਲ 5.60 ਲੱਖ ਰੁਪਏ ਠੱਗੇ ਸਨ। ਥਾਣਾਂ ਨੰਬਰ ਸੱਤ ਦੀ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜਨਤਾ ਕਾਲੋਨੀ ਦੇ ਵਸਨੀਕ ਅਮਿਤ ਬੀਕੇ ਤੇ ਕਮਲ ਬੀਕੇ ਨੇ ਦੱਸਿਆ ਕਿ ਉਨ੍ਹਾਂ ਸਿੰਗਾਪੁਰ ਜਾਣ ਲਈ ਪੀ ਐਲ ਯੂ ਪ੍ਰਫੈਕਟ ਇਮੀਗ੍ਰੇਸ਼ਨ ਦੇ ਦਫ਼ਤਰ ਜਾ ਕੇ ਅੰਕੁਰ ਤ੍ਰੇਹਨ ਨਾਲ ਗੱਲ ਕੀਤੀ ਤਾਂ ਅੰਕੁਰ ਨੇ ਆਸ਼ੀਸ਼ ਅਤੇ ਉਸ ਦੀ ਪਤਨੀ ਦੀਪਿਕਾ ਨਾਲ ਉਨ੍ਹਾਂ ਦੀ ਮੁਲਾਕਾਤ ਕਰਾਈ। ਦੋਸ਼ ਹੈ ਕਿ ਪਤੀ-ਪਤਨੀ ਨੇ ਦੋਵਾਂ ਨੂੰ ਸਿੰਗਾਪੁਰ ਭੇਜਣ ਲਈ 3-3 ਲੱਖ ਰੁਪਏ ਮੰਗੇ, ਜਿਸ ਬਾਰੇ ਦੋਵਾਂ ਭਰਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸਮੇਂ-ਸਮੇਂ ਉੱਤੇ 5.60 ਲੱਖ ਰੁਪਏ ਏਜੰਟਾਂ ਨੂੰ ਦਿੱਤੇ, ਪਰ ਕਾਫ਼ੀ ਸਮੇਂ ਬਾਅਦ ਵੀ ਉਨ੍ਹਾਂ ਨੂੰ ਸਿੰਗਾਪੁਰ ਨਹੀਂ ਭੇਜਿਆ ਗਿਆ ਅਤੇ ਨਾ ਏਜੰਟਾਂ ਨੇ ਪੈਸੇ ਵਾਪਸ ਕੀਤੇ।ਪੁਲਸ ਨੂੰ ਸ਼ਿਕਾਇਤ ਮਿਲਣ ਉੱਤੇ ਜਦੋਂ ਅੰਕੁਰ ਨੂੰ ਸੱਦਿਆ ਤਾਂ ਉਸ ਦਾ ਕਹਿਣਾ ਸੀ ਕਿ ਆਸ਼ੀਸ਼ ਅਤੇ ਉਸ ਦੀ ਪਤਨੀ ਦੀਪਿਕਾ ਨੇ ਉਸ ਦੇ ਦਫ਼ਤਰ ਦੀ ਵਰਤੋਂ ਕਰ ਕੇ ਲੋਕਾਂ ਨਾਲ ਫਰਾਡ ਕੀਤਾ ਹੈ। ਦੀਪਿਕਾ ਨੇ ਵੀ ਖੁਦ ਨੂੰ ਬੇਕਸੂਰ ਦੱਸਿਆ।ਜਾਂਚ ਵਿੱਚ ਪਤਾ ਲੱਗਾ ਕਿ ਲੋਕਾਂ ਕੋਲੋਂ ਲਏ ਪੈਸੇ ਬੇਦੀਆਂਵਾਲਾ, ਤਰਨਤਾਰਨ ਦੇ ਰਹਿਣ ਵਾਲੇ ਆਸ਼ੀਸ਼ ਦੇ ਬੈਂਕ ਖਾਤੇ ਵਿੱਚ ਟਰਾਂਸਫਰ ਹੋਏ ਸਨ। ਥਾਣਾ ਨੰਬਰ ਸੱਤ ਵਿੱਚ ਆਸ਼ੀਸ਼ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਅਤੇ ਅੰਕੁਰ ਅਤੇ ਦੀਪਿਕਾ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

